MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY MORTGAGES INC.
604.760.9172
# 384-8148 128 St., Surrey
6303 Fraser St.,Vancouver

ਕੈਨੇਡਾ
# ਪੰਜਾਬ ਲਿੰਕ
52 YEARS OF EXCELLENCE
THE LINK GROUP
WEEKLY NEWSPAPER
VOL.: 12 ISSUE: 13 SATURDAY, 30 March, 2024
www.punjablinkpaper.com 604-503-5465

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

## ਓਨਟਾਰੀਓ ਵਲੋਂ ਕੈਰੀਅਰ ਕਾਲਜਾਂ ਨੂੰ ਸਟੂਡੈਂਟ ਸਟੱਡੀ ਪਰਮਿਟ ਲਈ ਦਰਵਾਜੇ ਬੰਦ

### ਜਨਤਕ ਕਾਲਜਾਂ ਤੇ ਯੂਨੀਵਰਸਿਟੀ ਨੂੰ ਹੀ ਜਾਰੀ ਹੋਣਗੇ 96 ਪ੍ਰਤੀਸ਼ਤ ਸਟੱਡੀ ਪਰਮਿਟ

ਓਟਵਾ- ਖ਼ਬਰ ਹੈ ਕਿ ਓਨਟਾਰੀਓ ਸਰਕਾਰ ਸਰਕਾਰੀ ਸਹਾਇਤਾ ਪ੍ਰਾਪਤ ਜਨਤਕ ਕਾਲਜਾਂ ਅਤੇ ਯੂਨੀਵਰਸਿਟੀਆਂ ਨੂੰ 96% ਅੰਤਰਰਾਸ਼ਟਰੀ ਸਟੱਡੀ ਪਰਮਿਟ ਦੇਵੇਗਾ ਜਦੋਂਕਿ ਕੈਰੀਅਰ ਕਾਲਜਾਂ ਨੂੰ ਕੋਈ ਸਟੱਡੀ ਪਰਮਿਟ ਜਾਰੀ ਨਹੀ ਕੀਤੇ ਜਾਣਗੇ। ਓਨਟਾਰੀਓ ਆਪਣੀਆਂ ਲਗਭਗ ਸਾਰੀਆਂ ਅੰਤਰਰਾਸ਼ਟਰੀ ਵਿਦਿਆਰਥੀ ਪਰਮਿਟ ਅਰਜ਼ੀਆਂ ਜਨਤਕ ਕਾਲਜਾਂ ਅਤੇ ਯੂਨੀਵਰਸਿਟੀਆਂ ਨੂੰ ਹੀ ਜਾਰੀ ਕਰੇਗਾ ਜੋ ਉੱਚ-ਮੰਗ ਵਾਲੇ ਪ੍ਰੋਗਰਾਮਾਂ ਨੂੰ ਤਰਜੀਹ ਦਿੰਦੇ ਹਨ, ਜਿਵੇਂ ਕਿ ਹੁਨਰਮੰਦ ਵਪਾਰ ਅਤੇ ਚਾਈਲਡ ਕੇਅਰ ਆਦਿ ਜਦੋਂਕਿ ਕੈਰੀਅਰ ਕਾਲਜਾਂ ਨੂੰ ਕੋਈ ਸਟੱਡੀ ਪਰਮਿਟ ਜਾਰੀ ਨਹੀ ਕੀਤਾ ਜਾਵੇਗਾ ਓਨਟਾਰੀਓ ਸਰਕਾਰ ਜਲਦ ਹੀ ਇਹ ਐਲਾਨ ਕਰਨ ਵਾਲੀ ਹੈ ਕਿ ਇਸਦੀਆਂ ਅੰਤਰਰਾਸ਼ਟਰੀ ਸਟੱਡੀ ਪਰਮਿਟ ਅਰਜ਼ੀਆਂ ਦਾ 96 ਪ੍ਰਤੀਸ਼ਤ ਜਨਤਕ ਤੌਰ 'ਤੇ ਸਹਾਇਤਾ ਪ੍ਰਾਪਤ ਕਾਲਜਾਂ ਅਤੇ ਯੂਨੀਵਰਸਿਟੀਆਂ ਨੂੰ ਜਾਵੇਗਾ, ਬਾਕੀ ਚਾਰ ਪ੍ਰਤੀਸ਼ਤ ਲੈਂਗੂਏਜ ਸਕੂਲਾਂ, ਪ੍ਰਾਈਵੇਟ ਯੂਨੀਵਰਸਿਟੀਆਂ ਅਤੇ ਅਣ-ਨਿਰਧਾਰਤ "ਹੋਰ ਸੰਸਥਾਵਾਂ" ਨੂੰ ਦਿੱਤੇ ਜਾਣਗੇ। ਸਰਕਾਰ ਨੇ ਕਿਹਾ ਕਿ ਕੈਰੀਅਰ ਕਾਲਜਾਂ ਦੀ ਕੋਈ ਸਟੱਡੀ ਪਰਮਿਟ ਲਈ ਅਰਜੀ ਮਨਜੂਰ ਨਹੀ ਕੀਤੀ ਜਾਵੇਗੀ। ਜਿਕਰਯੋਗ ਹੈ ਕਿ ਜਨਵਰੀ ਵਿੱਚ, ਫੈਡਰਲ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਅੰਤਰਰਾਸ਼ਟਰੀ ਸਟੱਡੀ ਵੀਜ਼ਾ ਲਈ ਅਰਜ਼ੀਆਂ ਦੀ ਗਿਣਤੀ 'ਤੇ ਇੱਕ ਸੀਮਾ ਲਗਾ ਦਿੱਤੀ ਸੀ। ਇਹ ਕੈਪ ਸਾਰੇ ਸੂਬਿਆਂ ਵਿੱਚ ਪ੍ਰਤੀ ਵਿਅਕਤੀ ਆਧਾਰ 'ਤੇ ਲਾਗੂ ਹੁੰਦੀ ਹੈ, ਜਿਸਦਾ ਮਤਲਬ ਹੈ ਕਿ ਓਨਟਾਰੀਓ, ਜਿਸ ਵਿੱਚ ਹੋਰਾਂ ਨਾਲੋਂ ਜ਼ਿਆਦਾ ਵਿਦੇਸ਼ੀ ਵਿਦਿਆਰਥੀ ਹਨ, ਨੂੰ ਆਪਣੇ ਦਾਖਲੇ ਵਿੱਚ ਲਗਭਗ 50 ਪ੍ਰਤੀਸ਼ਤ ਦੀ ਕਟੌਤੀ ਕਰਨੀ ਪਵੇਗੀ।

# ਟਰੂਡੋ ਨੇ ਕਿਰਾਏਦਾਰਾਂ ਦੇ ਹੱਕ ਵਿਚ ਕੀਤਾ ਵੱਡਾ ਐਲਾਨ

ਸਰੀ-ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਅੱਜ ਕਿਰਾਏਦਾਰਾਂ ਦੇ ਹੱਕ ਵਿਚ ਵੱਡਾ ਐਲਾਨ ਕੀਤਾ ਹੈ। ਕੈਨੇਡਾ ਦੇ ਵਿੱਤ ਮੰਤਰੀ ਕ੍ਰਿਸਟਿਆ ਫਰੀਲੈਂਡ ਨਾਲ ਵੈਨਕੂਵਰ ਫੇਰੀ ਤੇ ਆਏ ਪ੍ਰਧਾਨ ਮੰਤਰੀ ਨੇ ਲਿਬਰਲ ਸਰਕਾਰ ਵਲੋਂ ਕਿਰਾਏ 'ਤੇ ਰਹਿਣ ਵਾਲੇ ਲੋਕਾਂ ਦੀ ਮਦਦ ਲਈ ਨਵੇਂ ਨਿਯਮ ਘੜਨ ਦਾ ਐਲਾਨ ਕੀਤਾ ਹੈ , ਜਿਹਨਾਂ ਵਿਚ ਇੱਕ ਨਵਾਂ 'ਬਿਲ ਔਫ ਰਾਈਟਸ' ਭਾਵ 'ਅਧਿਕਾਰ ਨਿਯਮ' ਸ਼ਾਮਲ ਹੋਵੇਗਾ । ਟਰੂਡੋ ਨੇ ਕਿਹਾ ਕਿ ਅਗਾਮੀ ਬਜਟ ਵਿਚ ਇਨ੍ਹਾਂ ਨਵੇਂ ਨਿਯਮਾਂ ਨੂੰ ਸ਼ਾਮਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਬੁਨਿਆਦੀ ਤੌਰ 'ਤੇ ਜਾਇਜ਼ ਨਹੀਂ ਹੈ ਕਿ ਕੋਈ ਬੰਦਾ 2,000 ਡਾਲਰ ਕਿਰਾਇਆ ਦੇ ਰਿਹਾ ਹੋਵੇ ਅਤੇ ਕੁਝ ਲੋਕ ਆਪਣੇ ਘਰ ਦੀ 2,000 ਡਾਲਰ ਦੀ ਕਿਸ਼ਤ ਭਰ ਕੇ ਪ੍ਰਾਪਰਟੀ ਦੀ ਕੀਮਤ ਵਧਣ ਦਾ ਲਾਭ ਲੈ ਰਹੇ ਹਨ ਅਤੇ ਆਪਣਾ ਕ੍ਰੈਡਿਟ ਸਕੋਰ ਵੀ ਵਧਾ ਰਹੇ ਹਨ।ਸਰਕਾਰ ਅਗਾਮੀ ਬਜਟ ਵਿਚ 15 ਮਿਲੀਅਨ ਡਾਲਰ ਦਾ 'ਟੈਨੇਂਟ ਪ੍ਰੋਟੈਕਸ਼ਨ ਫ਼ੰਡ' ਵੀ ਸ਼ਾਮਲ ਕਰ ਰਹੀ ਹੈ, ਜੋ ਕਿ ਮਕਾਨ ਮਾਲਕਾਂ ਵੱਲੋਂ ਗ਼ੈਰ-ਵਾਜਬ ਤਰੀਕੇ ਨਾਲ ਕਿਰਾਏ ਵਧਾਉਣ ਅਤੇ ਕਿਰਾਏਦਾਰਾਂ ਨੂੰ ਕੱਢਣ ਵਰਗੇ ਮਾਮਲਿਆਂ ਖ਼ਿਲਾਫ਼ ਕਾਨੂੰਨੀ ਲੜਾਈ ਲੜਨ ਵਾਲੇ ਗਰੁੱਪਾਂ ਰਾਹੀਂ ਖ਼ਰਚ ਕੀਤਾ ਜਾਵੇਗਾ। ਪ੍ਰਧਾਨ ਮੰਤਰੀ ਵਲੋਂ ਅੱਜ ਐਲਾਨੇ ਗਏ ਕਿਰਾਏਦਾਰਾਂ ਦੇ ਅਧਿਕਾਰ ਕਾਨੂੰਨ (RentersÕ Bill of Rights) ਤਹਿਤ ਮਕਾਨ ਮਾਲਕਾਂ ਨੂੰ ਕਿਰਾਏਦਾਰਾਂ ਨੂੰ ਆਪਣੇ ਯੂਨਿਟ ਦੇ ਪੁਰਾਣੇ ਕਿਰਾਇਆਂ ਦੀ ਜਾਣਕਾਰੀ ਦੇਣੀ ਜ਼ਰੂਰੀ ਹੋਵੇਗੀ ਅਤੇ ਲੀਜ਼ ਸਮਝੌਤੇ ਦਾ ਇਕ ਰਾਸ਼ਟਰੀ ਮਿਆਰ ਸਥਾਪਿਤ ਕੀਤਾ ਜਾਵੇਗਾ।ਸਰਕਾਰ ਮਕਾਨ ਮਾਲਕਾਂ, ਬੈਂਕਾਂ ਅਤੇ ਕ੍ਰੈਡਿਟ ਬਿਊਰੋ ਕੋਲੋਂ ਇਹ ਵੀ ਯਕੀਨੀ ਬਣਵਾਉਣਾ ਚਾਹੁੰਦੀ ਹੈ ਕਿ ਲੋਕਾਂ ਦੇ ਕ੍ਰੈਡਿਟ ਸਕੋਰਾਂ ਵਿਚ ਸਮੇਂ ਸਿਰ ਕੀਤੇ ਕਿਰਾਇਆਂ ਦੇ ਭੁਗਤਾਨ ਨੂੰ ਵੀ ਧਿਆਨ ਵਿਚ ਰੱਖਿਆ ਜਾਵੇ, ਜਿਸ ਨਾਲ ਪਹਿਲੀ ਵਾਰ ਘਰ ਖ਼ਰੀਦਣ ਵਾਲਿਆਂ ਨੂੰ ਮੌਰਗੇਜ ਮਿਲਣ ਦਾ ਬਿਹਤਰ ਮੌਕਾ ਮਿਲ ਸਕੇ। ਸੱਤਾਧਾਰੀ ਲਿਬਰਲ ਸਰਕਾਰ ਵਲੋਂ ਆਉਂਦੀ 16 ਅਪ੍ਰੈਲ ਨੂੰ ਬਜਟ ਪੇਸ਼ ਕੀਤਾ ਜਾਣਾ ਹੈ।




(ਬਾਕੀ ਸਫ਼ਾ 10 'ਤੇ)

For All Kind of Real Estate Needs
ਕਾਬਲੀਅਤ, ਤਜੁਰਬਾ ਅਤੇ ਸਮਜਦਾਰੀ...
ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੋਇਟਮੈਂਟ
ARVINDER S- KALSEY AVINEET S- KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
5 Hour Service Available
Sher Singh Grewal
604-749-1955

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119-12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Keep Smiling Denture Clinic
- Complete Denture
- Implant Denture
- Partial Denture
Care Home Mobile Service | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਣ ਲਈ ਮਿਲੋ
ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ ।
SEMCD
Gagan Chahal R.D.
Registered Denturist
Book Your Appointment
778-600-0811 13117-67A Ave, Surrey, BC
778-600-0810 2644 Cyril St Abbotsford BC

MORTGAGE SPECIALIST!
Residential Construction, Commercial and Private Mortgages
- Pre - Approval available in 24 Hours
- rate hold - 120 days
- Bad credit also welcome
AMANDEEP DUGGAL
MORTGAGE BROKER
A Better Way
604-368 -2030
604-227-9694
# 102-6321 King George Blvd, Surrey

TRANSource FREIGHTWAYS
ਕੰਮ ਲਈ Drivers and Owner Operators ਚਾਹੀਦੇ ਹਨ।
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
BC - ALBERTA
ALBERTA - BC
Fuel and Insurance Paid by Company
NO DEDUCTIONS!!
ਸਾਡੀ ਕੰਪਨੀ ਓਨਰ ਓਪਰੇਟਰਾਂ ਨੂੰ ਲੋਕਲ ਅਤੇ ਹਾਈਵੇਅ ਰੂਟਾਂ ਵਾਸਤੇ ਹਾਇਰ ਕਰ ਰਹੀ ਹੈ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
SUKHBIR SINGH:604-525-0527 Ext 112
ਸ਼ਨੀਵਾਰ: 604-808-9805
Email:safety@transourcefreightways.com

mortgages lab
ਕਿਸੇ ਵੀ ਤਰ੍ਹਾਂ ਦੀ ਮੌਰਗੇਜ ਲੈਣ ਲਈ ਸੰਪਰਕ ਕਰੋ
- ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
- ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
- ਰੈਜ਼ੀਡੈਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੌਰਗੇਜ
Rate hold from 6 months to 1 year
HARPREET SINGH
Mortgage Broker
Ph: 778.558.9745
harpreetfunding@gmail.com
@harpreetfunding
Get Preapproval In 2 Hours
Licensed professional mortgage broker

APNA DENTAL CENTRE
UNIT 306-A, 8035 120 STREET
DELTA, BC V4C 6P8
Dr. Pran Nath Vashisht
(Dentist)
TEL: 778-592-4400
apnadental.delta@gmail.com

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤਸੱਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਓ
Lakhvir Singh Grewal: 778-881-0002


FRASERVIEW
BANQUET HALL
presents
the Views
dosa hub
FUSION OF FLAVOURS
IN OUR EVERY BITE
LUNCH SPECIALS
11 AM - 3 PM
HAPPY HOURS
4 PM - 6 PM
8248, Fraser Street
236-455-5848
viewsdosahub.com

ACCOUNTANT
axioaccounting.com
Personal & Corporate Tax Filing and other related services.
ਹਰ ਤਰ੍ਹਾਂ ਦੇ ਫਾਰਮ ਭਰਵਾਓ
#114-8028 128 St
(Little India Plaza)
Surrey, BC
AXiO Accounting + Tax

LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
52 YEARS OF EXCELLENCE THE LINK GROUP 1973 2024
WEEKLY NEWSPAPER
VOL. : 12 ISSUE : 13 SATURDAY, 30 March, 2024
www.punjablinkpaper.com 604-503-5465

ਰੇਡੀਓ ਪੰਜਾਬ ਹੁਣ AM 1600 ਅਤੇ 105.3 FM 'ਤੇ
ਰੇਡੀਓ ਪੰਜਾਬ Radio Punjab

ਤਿੰਨ ਰੰਗ
6pm to 9pm
B.C. Time
Every Weekend
Amarjit Singh
Studio: #300 12960 84AVE Surrey
Ph: 604 335 1313
www.radiopunjab.ca

# ਰੁੱਤ ਦਲ ਬਦਲੀ ਦੀ ਆਈ-ਜਲੰਧਰ ਤੋਂ ਆਪ ਐਮ.ਪੀ. ਰਿੰਕੂ ਤੇ ਐਮ.ਐਲ.ਏ. ਅੰਗੂਰਾਲ ਭਾਜਪਾ ਵਿਚ ਸ਼ਾਮਿਲ

## ਕਾਂਗਰਸੀ ਆਗੂ ਬਿੱਟੂ ਵੀ ਭਾਜਪਾ ਵਿਚ ਸ਼ਾਮਿਲ



ਨਵੀਂ ਦਿੱਲੀ (ਦਿਓਲ)-ਪੰਜਾਬ ਦੀ ਸਿਆਸਤ ਵਿਚ ਉਸ ਸਮੇਂ ਵੱਡਾ ਧਮਾਕਾ ਵੇਖਣ ਨੂੰ ਮਿਲਿਆ ਜਦੋਂ ਲੁਧਿਆਣਾ ਤੋਂ ਕਾਂਗਰਸੀ ਐਮ ਪੀ ਰਵਨੀਤ ਬਿੱਟੂ ਦੇ ਭਾਜਪਾ ਵਿਚ ਸ਼ਾਮਿਲ ਹੋਣ ਉਪਰੰਤ ਜਲੰਧਰ ਤੋਂ ਲੋਕ ਸਭਾ ਮੈਂਬਰ ਸੁਸ਼ੀਲ ਰਿੰਕੂ ਨੇ ਆਮ ਆਦਮੀ ਪਾਰਟੀ ਨੂੰ ਅਲਵਿਦਾ ਆਖ ਦਿੱਤਾ ਅਤੇ ਭਾਜਪਾ 'ਚ ਸ਼ਾਮਲ ਹੋ ਗਏ। ਉਨ੍ਹਾਂ ਨੂੰ ਪਾਰਟੀ ਦੇ ਕੌਮੀ ਜਨਰਲ ਸਕੱਤਰ ਵਿਨੋਦ ਤਾਵੜੇ ਅਤੇ ਪੰਜਾਬ ਪ੍ਰਧਾਨ ਸੁਨੀਲ ਜਾਖੜ ਦੀ ਮੌਜੂਦਗੀ ਵਿੱਚ ਇੱਥੋਂ ਹੈੱਡਕੁਆਰਟਰ ਵਿੱਚ ਭਾਜਪਾ ਵਿੱਚ ਸ਼ਾਮਲ ਕੀਤਾ । ਇਸ ਦੌਰਾਨ ਜਲੰਧਰ ਪੱਛਮੀ ਤੋਂ 'ਆਪ' ਵਿਧਾਇਕ ਸ਼ੀਤਲ ਅੰਗੁਰਾਲ ਵੀ ਭਾਜਪਾ 'ਚ ਸ਼ਾਮਲ ਹੋ ਗਏ ਹਨ। ਇਸ ਤੋਂ ਪਹਿਲਾਂ ਦਿਨ 'ਚ ਅੰਗੁਰਾਲ ਨੇ ਫੇਸਬੁੱਕ 'ਤੇ ਇਕ ਪੋਸਟ 'ਚ ਕਿਹਾ ਸੀ ਕਿ ਉਹ 'ਆਪ' ਦੀਆਂ ਸਾਰੀਆਂ ਜ਼ਿੰਮੇਵਾਰੀਆਂ ਤੋਂ ਅਸਤੀਫਾ ਦੇ ਰਹੇ ਹਨ। ਰਿੰਕੂ ਕਾਂਗਰਸ ਛੱਡ ਕੇ ਆਪ 'ਚ ਸ਼ਾਮਲ ਹੋਏ ਸਨ। ਲੋਕ ਸਭਾ ਚੋਣਾਂ ਦੌਰਾਨ ਭਾਜਪਾ ਉਨ੍ਹਾਂ ਨੂੰ ਜਲੰਧਰ ਤੋਂ ਉਮੀਦਵਾਰ ਬਣਾ ਸਕਦੀ ਹੈ ਜਦੋਂਕਿ ਇਸ ਸਮੇਂ ਉਹ ਜਲੰਧਰ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਸਨ। ਬੀਤੇ ਦਿਨ ਹੀ ਕਾਂਗਰਸ ਦੇ ਲੁਧਿਆਣਾ ਤੋਂ ਲੋਕ ਸਭਾ ਮੈਂਬਰ ਰਵਨੀਤ ਬਿੱਟੂ ਵੀ ਭਾਜਪਾ 'ਚ ਚਲੇ ਗਏ ਹਨ।

### ਬਿੱਟੂ ਭਾਜਪਾ ਵਿਚ ਸ਼ਾਮਿਲ

ਪੰਜਾਬ ਦੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤੇ ਤੇ ਲੁਧਿਆਣਾ ਤੋਂ ਕਾਂਗਰਸ ਦੇ ਐਮ ਪੀ ਰਵਨੀਤ ਸਿੰਘ ਬਿੱਟੂ ਭਾਜਪਾ 'ਚ ਸ਼ਾਮਲ ਹੋ ਗਏ। ਸ੍ਰੀ ਰਾਹੁਲ ਗਾਂਧੀ ਦੇ ਕਰੀਬੀ ਬਿੱਟੂ ਪੰਜਾਬ ਦਿੱਲੀ ਵਿਚ ਭਾਜਪਾ ਹੈੱਡ ਕੁਆਰਟਰ ਵਿਚ ਕੇਂਦਰੀ ਮੰਤਰੀ ਵਿਨੋਦ ਤਾਵੜੇ ਦੀ ਮੌਜੂਦਗੀ ਵਿਚ ਭਾਜਪਾ ਵਿਚ ਸ਼ਾਮਲ ਹੋਏ। ਬਿੱਟੂ ਤੀਜੀ ਵਾਰ ਕਾਂਗਰਸ ਦੇ ਸੰਸਦ ਮੈਂਬਰ ਬਣੇ ਹਨ। ਉਹ ਇਸ ਵੇਲੇ ਲੁਧਿਆਣਾ ਤੋਂ ਕਾਂਗਰਸ ਦੀ ਨੁਮਾਇੰਦਗੀ ਕਰ ਰਹੇ ਹਨ।

# ਦਿੱਲੀ ਹਾਈਕੋਰਟ ਵਲੋਂ ਕੇਜਰੀਵਾਲ ਨੂੰ ਗ੍ਰਿਫ਼ਤਾਰ ਕੀਤੇ ਜਾਣ ਦੇ ਮਾਮਲੇ ਵਿਚ ਦਖਲ ਦੇਣ ਤੋਂ ਇਨਕਾਰ

## ਈ.ਡੀ. ਤੋਂ 2 ਅਪਰੈਲ ਤੱਕ ਜਵਾਬ ਮੰਗਿਆ

ਨਵੀਂ ਦਿੱਲੀ-ਦਿੱਲੀ ਹਾਈ ਕੋਰਟ ਨੇ ਆਬਕਾਰੀ ਨੀਤੀ ਘੁਟਾਲੇ ਨਾਲ ਸੰਬੰਧਤ ਮਾਮਲੇ 'ਚ ਐਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਗ੍ਰਿਫ਼ਤਾਰ ਕੀਤੇ ਜਾਣ ਦੇ ਮਾਮਲੇ 'ਚ ਦਖਲ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਜਸਟਿਸ ਸਵਰਨ ਕਾਂਤਾ ਸ਼ਰਮਾ ਨੇ ਗ੍ਰਿਫ਼ਤਾਰੀ ਤੇ ਉਸ ਮਗਰੋਂ ਈਡੀ ਦੀ ਹਿਰਾਸਤ 'ਚ ਭੇਜੇ ਜਾਣ ਨੂੰ ਚੁਣੌਤੀ ਦੇਣ ਵਾਲੀ 'ਆਪ' ਆਗੂ ਦੀ ਪਟੀਸ਼ਨ 'ਤੇ ਕੇਂਦਰੀ ਏਜੰਸੀ ਨੂੰ ਨੋਟਿਸ ਜਾਰੀ ਕੀਤਾ ਅਤੇ ਏਜੰਸੀ ਨੂੰ 2 ਅਪਰੈਲ ਤੋਂ ਪਹਿਲਾਂ ਆਪਣਾ ਜਵਾਬ ਦਾਖਲ ਕਰਨ ਲਈ ਕਿਹਾ ਹੈ। ਹੁਕਮਾਂ 'ਚ ਸਪੱਸ਼ਟ ਕੀਤਾ ਗਿਆ ਹੈ ਕਿ ਮਾਮਲੇ ਦਾ ਆਖਰੀ ਨਿਬੇੜਾ 3 ਅਪਰੈਲ ਨੂੰ ਕੀਤਾ ਜਾਵੇਗਾ। ਅਦਾਲਤ ਨੇ ਕਿਹਾ, 'ਇਹ ਅਦਾਲਤ ਮੁੱਖ ਪਟੀਸ਼ਨ ਦੇ ਨਾਲ ਨਾਲ ਅੰਤਰਿਮ ਰਾਹਤ ਦੀ ਮੰਗ ਵਾਲੀ ਅਰਜ਼ੀ ਸਬੰਧੀ ਨੋਟਿਸ ਜਾਰੀ



ਕਰਨਾ ਢੁੱਕਵਾਂ ਸਮਝਦੀ ਹੈ ਜਿਸ ਨੂੰ 3 ਅਪਰੈਲ ਨੂੰ ਵਾਪਸ ਕੀਤਾ ਜਾ ਸਕਦਾ ਹੈ।' ਅਦਾਲਤ ਨੇ ਕਿਹਾ ਕਿ 'ਐਨਫੋਰਸਮੈਂਟ ਡਾਇਰੈਕਟੋਰੇਟ ਇਹ ਯਕੀਨੀ ਬਣਾਏਗਾ ਕਿ ਮੁੱਖ ਪਟੀਸ਼ਨ ਦੇ ਨਾਲ ਨਾਲ ਪਟੀਸ਼ਨਰ ਦੀ ਅੰਤਰਿਮ ਰਾਹਤ ਲਈ ਅਰਜ਼ੀ 'ਤੇ 2 ਅਪਰੈਲ ਤੱਕ ਜਵਾਬ ਦਾਖ਼ਲ ਕਰ ਦਿੱਤਾ ਜਾਵੇ ਅਤੇ ਇਸ ਦੀਆਂ ਕਾਪੀਆਂ ਡਿਜੀਟਲ ਢੰਗ ਦੇ ਨਾਲ ਹੀ ਹਾਰਡ ਕਾਪੀ ਦੇ ਰੂਪ 'ਚ ਪਟੀਸ਼ਨਰ ਦੇ ਵਕੀਲ ਨੂੰ ਮੁਹੱਈਆ ਕੀਤੀਆਂ ਜਾਣ।' ਕੇਜਰੀਵਾਲ ਜਿਸ ਨੂੰ 21 ਮਾਰਚ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਤੇ ਇਸ ਤੋਂ ਤੁਰੰਤ ਬਾਅਦ ਦਿੱਲੀ ਦੀ ਇੱਕ ਅਦਾਲਤ ਵੱਲੋਂ 28 ਮਾਰਚ ਤੱਕ ਈਡੀ ਦੀ ਹਿਰਾਸਤ 'ਚ ਭੇਜ ਦਿੱਤਾ ਗਿਆ, ਨੇ ਆਪਣੀ ਗ੍ਰਿਫ਼ਤਾਰੀ ਨੂੰ ਪੂਰੀ ਤਰ੍ਹਾਂ ਗੈਰਕਾਨੂੰਨੀ ਦਸਦਿਆਂ ਤੁਰੰਤ ਰਿਹਾਅ ਕੀਤੇ ਜਾਣ ਦੀ ਮੰਗ ਕੀਤੀ ਸੀ।

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ

MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services

ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000


Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza

ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)

• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਂਉਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।

• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre
80 ਐਵਿਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਤਰਕਸ਼ੀਲ ਸੁਸਾਇਟੀ ਕੈਨੇਡਾ ਅਤੇ ਈਸਟ ਇੰਡੀਆ ਡੀਫੈਂਸ ਕਮੇਟੀ ਨੇ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਅਤੇ ਅਵਤਾਰ ਪਾਸ਼ ਦਾ ਸ਼ਹੀਦੀ ਦਿਵਸ ਮਨਾਇਆ

ਸਰੀ (ਹਰਦਮ ਮਾਨ)- ਤਰਕਸ਼ੀਲ ਸੁਸਾਇਟੀ ਕੈਨੇਡਾ ਅਤੇ ਈਸਟ ਇੰਡੀਆ ਡੀਫੈਂਸ ਕਮੇਟੀ ਵਲੋਂ 23 ਮਾਰਚ ਦੇ ਸ਼ਹੀਦਾਂ ਭਗਤ ਸਿੰਘ, ਰਾਜਗੁਰੂ, ਸੁਖਦੇਵ ਅਤੇ ਅਵਤਾਰ ਪਾਸ਼ ਯਾਦਗਾਰੀ ਸ਼ਹੀਦੀ ਦਿਵਸ ਸਰੀ ਦੇ ਪ੍ਰੋਗਰੈਸਿਵ ਕਲਚਰਲ ਸੈਂਟਰ ਵਿਖੇ ਮਨਾਇਆ



ਗਿਆ। ਸ਼ਹੀਦਾਂ ਨੂੰ ਨਤਮਸਤਕ ਹੁੰਦਿਆਂ ਉੱਘੇ ਇਤਿਹਾਸਕਾਰ ਸੋਹਨ ਪੂੰਨੀ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਵੱਲੋਂ ਆਪਣੇ ਛੋਟੇ ਜਿਹੇ ਸਿਆਸੀ ਜੀਵਨ ਵਿੱਚ ਭਾਰਤ ਦੀ ਜੰਗੇ-ਆਜ਼ਾਦੀ ਲਈ ਕੀਤੇ ਲਾ-ਮਿਸਾਲ ਕਾਰਨਾਮਿਆਂ ਸਦਕਾ ਉਸ ਦਾ ਨਾਮ ਵਿਸ਼ਵ ਦੇ ਸਿਰਕੱਢ ਇਨਕਲਾਬੀਆਂ ਵਿੱਚ ਸ਼ੁਮਾਰ ਹੁੰਦਾ ਹੈ। ਉਨ੍ਹਾਂ ਕਿਹਾ ਕਿ ਮਹਾਤਮਾ ਗਾਂਧੀ, ਨਹਿਰੂ ਅਤੇ ਜਿਨਾਹ ਨੂੰ ਪੂਰਨ ਆਜ਼ਾਦੀ ਦੀ ਮੰਗ ਕਰਨ ਲਈ ਭਗਤ ਸਿੰਘ ਅਤੇ ਬੀ ਕੇ ਦੱਤ ਦੇ ਅਸੰਬਲੀ ਵਿੱਚ ਬੰਬ ਸੁੱਟਣ ਦੀ ਕਾਰਵਾਈ ਨੇ ਮਜਬੂਰ ਕੀਤਾ ਇਸ ਤੋਂ ਪਹਿਲਾਂ ਉਹ ਵੱਧ ਅਧਿਕਾਰਾਂ ਅਤੇ ਖ਼ੁਦ-ਮੁਖ਼ਤਾਰੀ ਦੀ ਮੰਗ ਤੱਕ ਸੀਮਤ ਸਨ। ਸਮਾਜਵਾਦ ਦਾ ਸੰਕਲਪ ਵੀ ਭਾਰਤ ਵਿੱਚ ਪਹਿਲੀ ਵਾਰ ਸ਼ਹੀਦ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੇ ਲਿਆਂਦਾ ਸੀ। ਡਾ. ਸਾਧੂ ਬਨਿੰਗ ਨੇ ਸ਼ਹੀਦ ਭਗਤ ਸਿੰਘ ਦੀ ਤੀਖਣ ਇਨਕਲਾਬੀ ਸਮਝ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਸਕੂਲ ਵਿਚ ਪੜ੍ਹਦਿਆਂ ਹੀ ਉਸ ਵੱਲੋਂ ਬੋਲੀ ਨੂੰ ਲੈ ਕੇ ਲਿਖਿਆ ਲੇਖ ਕਮਾਲ ਦਾ ਹੈ। ਬਾਅਦ ਵਿੱਚ ਜੇਲ ਵਿਚ 'ਮੈਂ ਨਾਸਤਿਕ ਕਿਉਂ ਹਾਂ' ਉਸ ਦੀ ਦਲੀਲ ਭਰਪੂਰ ਲੇਖਣੀ ਦੀ ਸਿਖਰ ਹੈ। ਉਨਾਂ ਡਾ. ਹਰਜੋਤ ਓਬਰਾਏ ਦੇ ਅੰਗਰੇਜ਼ੀ ਵਿਚ ਲਿਖੇ ਲੇਖ ਦਾ ਹਵਾਲਾ ਦਿੱਤਾ, ਜਿਸ ਵਿਚ ਸ਼ਹੀਦ ਭਗਤ ਸਿੰਘ ਵੱਲੋਂ ਪੜ੍ਹੇ ਗਏ ਕਮਿਊਨਿਸਟ ਅਤੇ ਵਿਸ਼ਵ ਦੇ ਕਲਾਸਕੀ ਸਾਹਿਤ ਦਾ ਜ਼ਿਕਰ ਹੈ। ਸਾਧੂ ਬਿਨਿੰਗ ਨੇ ਭਾਰਤ ਵਿੱਚ ਸਿਰ ਚੁੱਕ ਰਹੇ ਫਾਸ਼ੀਵਾਦੀ ਰੁਝਾਣ ਅਤੇ ਧਾਰਮਿਕ ਕੱਟੜਤਾ ਦੇ ਖ਼ਤਰਿਆਂ ਤੋਂ ਸੁਚੇਤ ਕਰਦਿਆਂ ਇਨ੍ਹਾਂ ਵਿਰੁੱਧ ਲੜਾਈ ਲੜਨ ਲਈ ਭਗਤ ਸਿੰਘ ਦੀਆਂ ਲਿਖਤਾਂ ਤੋਂ ਸੇਧ ਲੈਣ ਦੀ ਗੱਲ ਕੀਤੀ। ਈਸਟ ਇੰਡੀਆ ਡੀਫੈਂਸ ਕਮੇਟੀ ਦੇ ਜਰਨਲ ਸਕੱਤਰ ਕਿਰਪਾਲ ਬੈਂਸ ਨੇ ਕਿਹਾ ਕਿ ਭਗਤ ਸਿੰਘ ਨੇ ਲੁੱਟ ਖੋਹ ਵਾਲੇ ਰਾਜਤੰਤਰ ਨੂੰ ਨਹਿਸ ਕਰਕੇ ਸਮਾਜਵਾਦ ਦੀ ਉਸਾਰੀ ਦਾ ਨਾਹਰਾ ਬੁਲੰਦ ਕੀਤਾ। ਉਨ੍ਹਾਂ ਕਿਹਾ ਕਿ ਭਗਤ ਸਿੰਘ ਨੇ ਸਮਾਜਵਾਦ ਦੀ ਉਸਾਰੀ ਲਈ ਜਨਤਕ ਜਥੇਬੰਦੀਆਂ ਬਣਾਉਣ ਅਤੇ ਜਮਾਤੀ ਸੰਘਰਸ਼ ਨੂੰ ਪ੍ਰਚੰਡ ਕਰਨ ਦੀ ਲੋੜ 'ਤੇ ਵੀ ਜ਼ੋਰ ਦਿੱਤਾ। ਕਿਰਪਾਲ ਬੈਂਸ ਨੇ ਪਾਸ਼ ਦੀ ਕਵਿਤਾ 'ਤੂਫ਼ਾਨਾਂ ਕਦੇ ਮਾਤ ਨਹੀਂ ਖਾਧੀ' ਪੜ੍ਹ ਕੇ ਸ਼ਹੀਦ ਅਵਤਾਰ ਪਾਸ਼ ਨੂੰ ਸ਼ਰਧਾਂਜਲੀ ਭੇਂਟ ਕੀਤੀ। ਤਰਕਸ਼ੀਲ ਸੁਸਾਇਟੀ ਸਰੀ-ਵੈਨਕੂਵਰ ਦੇ ਜਰਨਲ ਸਕੱਤਰ ਗੁਰਮੇਲ ਗਿੱਲ ਨੇ ਸ਼ਹੀਦ ਭਗਤ ਸਿੰਘ ਨੂੰ ਭਾਰਤ ਵਿੱਚ ਤਰਕਸ਼ੀਲ ਲਹਿਰ ਦਾ ਮੋਢੀ ਕਰਾਰ ਦਿੱਤਾ। ਉਨ੍ਹਾਂ ਦਲੀਲਾਂ ਦੇ ਕੇ ਪਦਾਰਥਵਾਦ ਅਤੇ ਅਧਿਆਤਮਵਾਦ ਫਲਸਫਿਆਂ ਦਾ ਵਖਰੇਵਾਂ ਕਰਦਿਆਂ ਵਿਗਿਆਨ ਅਧਾਰਤ ਸੋਚ ਨੂੰ ਅਪਨਾਉਣ ਦੀ ਗੱਲ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਵਿਚ ਤਰਕਸ਼ੀਲ ਸੁਸਾਇਟੀ ਦੇ ਕੌਮੀ ਪ੍ਰਧਾਨ ਅਵਤਾਰ ਬਾਈ ਨੇ ਕਿਹਾ ਕਿ ਅੱਜ ਦੇ ਦੌਰ ਵਿੱਚ ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੀਆਂ ਲਿਖਤਾਂ ਦੀ ਮਹੱਤਤਾ ਹੋਰ ਵੱਧ ਜਾਂਦੀ ਹੈ। ਉਨ੍ਹਾਂ ਪੰਜਾਬ ਵਿੱਚ ਕੁਝ ਹਲਕਿਆਂ ਵੱਲੋਂ ਸ਼ਹੀਦ ਭਗਤ ਸਿੰਘ ਬਾਰੇ ਭੰਬਲਭੂਸੇ ਖੜ੍ਹੇ ਕਰਨ ਦੀਆਂ ਬੇ-ਸਿਰ-ਪੈਰ ਸਾਜ਼ਿਸ਼ਾਂ ਦਾ ਮੂੰਹ ਤੋੜਵਾਂ ਜੁਆਬ ਦੇਣ ਦਾ ਸੱਦਾ ਦਿੱਤਾ। ਤਰਕਸ਼ੀਲ ਸੁਸਾਇਟੀ ਸਰੀ-ਵੈਨਕੂਵਰ ਦੇ ਪ੍ਰਧਾਨ ਜਸਵਿੰਦਰ ਹੇਅਰ ਨੇ ਪਾਸ਼ ਦਾ ਗੀਤ 'ਸੋਨੇ ਦੀ ਸਵੇਰ ਜਦੋਂ ਆਊ ਹਾਣੀਆਂ- ਨੱਚੂਗਾ ਅੰਬਰ ਭੂਮੀ ਗਾਊ ਹਾਣੀਆਂ' ਤਰੰਨੁਮ ਵਿੱਚ ਪੇਸ਼ ਕਰਦਿਆਂ ਕਿਹਾ ਕਿ ਪਾਸ਼ ਨੇ ਨਾ ਸਿਰਫ ਉੱਚਪਾਏ ਦੀ ਇਨਕਲਾਬੀ ਕਵਿਤਾ ਤੇ ਗੀਤਾਂ ਦੀ ਰਚਨਾ ਹੀ ਕੀਤੀ, ਸਗੋਂ ਉਸ ਨੇ ਵਾਰਤਕ ਅਤੇ ਤਾਰਾ ਵਿਗਿਆਨ ਬਾਰੇ ਲਿਖਤਾਂ ਨਾਲ ਉਸ ਨੇ ਜੋਤਿਸ਼ ਵਿਦਿਆ ਦੇ ਦਾਅਵਿਆਂ ਨੂੰ ਝੂਠ ਸਾਬਤ ਕੀਤਾ। ਇੰਜ. ਸਤਵੰਤ ਦੀਪਕ ਨੇ ਪਾਸ਼ ਦੀ ਭਗਤ ਸਿੰਘ ਬਾਰੇ ਲਿਖਤ ਦਾ ਹਵਾਲਾ ਦਿੱਤਾ, ਜਿਸ ਵਿੱਚ ਪਾਸ਼ ਨੌਜਵਾਨਾਂ ਨੂੰ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਤੋਂ ਸੇਧ ਲੈਣ ਦੀ ਗੱਲ ਕਰਦਾ ਹੈ। ਸੁਖਵੰਤ ਹੁੰਦਲ ਨੇ ਸ਼ਹੀਦ ਭਗਤ ਸਿੰਘ ਦੀਆਂ ਲਿਖਤਾਂ ਨੂੰ ਨਵੀਨਤਮ ਮਾਸ-ਮੀਡੀਆ ਜੁਗਤਾਂ ਦੀ ਮਦਦ ਨਾਲ ਹੋਰ ਵਧੇਰੇ ਲੋਕਾਂ ਤੱਕ ਪਹੁੰਚਾਣ ਦਾ ਸੁਝਾਅ ਦਿੱਤਾ। ਸਮੁੱਚੇ ਸਮਾਗਮ ਦੌਰਾਨ ਮੰਚ ਸੰਚਾਲਨ ਦਾ ਕਾਰਜ ਤਰਕਸ਼ੀਲ ਸੁਸਾਇਟੀ ਐਬਟਸਫੋਰਡ-ਮਿਸ਼ਨ ਦੇ ਜਰਨਲ ਸਕੱਤਰ ਸੁਰਿੰਦਰ ਚਾਹਲ ਨੇ ਨਿਭਾਇਆ।









# ਕੈਨੇਡਾ ਸਰਹੱਦ ਪਾਰ ਕਰਨ ਤੋਂ ਪਹਿਲਾਂ ਭਾਰੀ ਠੰਢ ਬਾਰੇ ਜਾਣਦਾ ਸੀ ਭਾਰਤੀ ਪਰਿਵਾਰ

## ਇਸਤਗਾਸਾ ਪੱਖ ਵੱਲੋਂ ਮਿਨੀਸੋਟਾ ਦੀ ਸੰਘੀ ਅਦਾਲਤ ਵਿੱਚ ਰਿਪੋਰਟ ਪੇਸ਼



ਮਿਨੀਆਪੋਲਿਸ-ਭਾਰਤੀ ਪਰਿਵਾਰ ਦੇ ਚਾਰ ਮੈਂਬਰਾਂ ਨੂੰ ਸਾਲ 2022 ਵਿੱਚ ਅਮਰੀਕਾ-ਕੈਨੇਡਾ ਬਾਰਡਰ ਪਾਰ ਕਰਵਾਉਣ ਤੋਂ ਪਹਿਲਾਂ ਉਥੋਂ ਦੇ ਮੁਸ਼ਕਲ ਹਾਲਾਤ ਬਾਰੇ ਚਿਤਾਵਨੀ ਦਿੱਤੀ ਗਈ ਸੀ। ਇਹ ਸਾਰੀ ਜਾਣਕਾਰੀ ਇਸਤਗਾਸਾ ਪੱਖ ਨੇ ਸੰਘੀ ਅਦਾਲਤ ਵਿੱਚ ਸਾਂਝੀ ਕੀਤੀ ਹੈ। ਦੋ ਬੱਚਿਆਂ ਸਣੇ ਪਰਿਵਾਰ ਦੇ ਚਾਰ ਮੈਂਬਰਾਂ ਦੀ ਦੋ ਸਾਲ ਪਹਿਲਾਂ ਠੰਢ ਲੱਗਣ ਕਾਰਨ ਮੌਤ ਹੋ ਗਈ ਸੀ। 'ਡਰਟੀ ਹੈਰੀ' ਵਜੋਂ ਬਦਨਾਮ ਹਰਸ਼ ਕੁਮਾਰ ਰਮਨਲਾਲ ਪਟੇਲ (28) ਨੇ ਇਸ ਪਰਿਵਾਰ ਨੂੰ ਗ਼ੈਰਕਾਨੂੰਨੀ ਢੰਗ ਨਾਲ ਸਰਹੱਦ ਪਾਰ ਕਰਵਾਉਣ ਦੀ ਕੋਸ਼ਿਸ਼ ਕੀਤੀ ਸੀ। ਮਨੁੱਖੀ ਤਸਕਰੀ ਨਾਲ ਜੁੜੇ ਸੱਤ ਮਾਮਲਿਆਂ ਵਿੱਚ ਅੱਜ ਮਿਨੀਸੋਟਾ ਦੀ ਸੰਘੀ ਅਦਾਲਤ ਵਿੱਚ ਉਸ ਨੂੰ ਪੇਸ਼ ਕੀਤਾ ਗਿਆ। ਪਿਛਲੇ ਹਫ਼ਤੇ ਖੋਲ੍ਹੇ ਗਏ ਇੱਕ ਨਵੇਂ ਮਾਮਲੇ ਮੁਤਾਬਕ ਉਸ ਨੇ ਭਾਰਤੀ ਨਾਗਰਿਕਾਂ ਨੂੰ ਕੈਨੇਡਾ ਤੋਂ ਸ਼ਿਕਾਗੋ ਖੇਤਰ ਤੱਕ ਪਹੁੰਚਾਉਣ ਲਈ ਇੱਕ ਡਰਾਈਵਰ ਨੂੰ ਕਥਿਤ ਕੰਮ ਉੱਤੇ ਰੱਖਿਆ ਸੀ। ਉਸ ਡਰਾਈਵਰ 'ਤੇ ਵੀ ਚਾਰ ਦੋਸ਼ ਲਗਾਏ ਗਏ ਹਨ। ਜ਼ਿਕਰਯੋਗ ਹੈ ਕਿ ਜਗਦੀਸ਼ ਪਟੇਲ (39), ਉਸ ਦੀ ਪਤਨੀ ਵੈਸ਼ਾਲੀਬੇਨ ਪਟੇਲ (37), ਉਸ ਦੀ ਧੀ ਵਿਹਾਂਗੀ (11) ਅਤੇ ਪੁੱਤਰ ਧਾਰਮਿਕ (ਤਿੰਨ ਸਾਲ) ਦੀ ਅਮਰੀਕਾ ਦੀ ਸਰਹੱਦ ਨਾਲ ਲੱਗਦੇ ਕੈਨੇਡਾ ਦੇ ਮਿਨੀਸੋਟਾ ਸ਼ਹਿਰ ਵਿੱਚ ਠੰਢ ਲੱਗਣ ਕਾਰਨ ਮੌਤ ਹੋ ਗਈ ਸੀ। ਫਲੋਰਿਡਾ ਵਾਸੀ ਸਟੀਵ ਸ਼ੈਂਡ ਨੂੰ 19 ਜਨਵਰੀ 2022 ਨੂੰ ਇੱਕ ਵੈਨ ਵਿੱਚ 15 ਲੋਕਾਂ ਨੂੰ ਲੈ ਕੇ ਅਮਰੀਕੀ ਸਰਹੱਦ ਵਿੱਚ ਗ਼ੈਰਕਾਨੂੰਨੀ ਦਾਖ਼ਲ ਹੁੰਦਿਆਂ ਮਨੁੱਖੀ ਤਸਕਰੀ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਵੈਨ ਵਿੱਚ ਗੁਜਰਾਤ ਦਾ ਇਹ ਪਰਿਵਾਰ ਵੀ ਸਵਾਰ ਸੀ।

# ਜੂਲੀਅਨ ਅਸਾਂਜ ਨੂੰ ਫੌਰੀ ਅਮਰੀਕਾ ਹਵਾਲੇ ਨਹੀਂ ਕੀਤਾ ਜਾ ਸਕਦਾ-ਕੋਰਟ



ਲੰਡਨ-ਬਰਤਾਨੀਆ ਦੀ ਕੋਰਟ ਨੇ ਕਿਹਾ ਕਿ ਜਾਸੂਸੀ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਵਿਕੀਲੀਕਸ ਦੇ ਬਾਨੀ ਜੂਲੀਅਨ ਅਸਾਂਜ ਨੂੰ ਫ਼ੌਰੀ ਅਮਰੀਕਾ ਦੇ ਹਵਾਲੇ ਨਹੀਂ ਕੀਤਾ ਜਾ ਸਕਦਾ। ਕੋਰਟ ਦੀਆਂ ਇਹ ਟਿੱਪਣੀਆਂ ਅਸਾਂਜ ਲਈ ਅੰਸ਼ਕ ਜਿੱਤ ਹੈ। ਹਾਈ ਕੋਰਟ ਦੇ ਦੋ ਜੱਜਾਂ ਨੇ ਕਿਹਾ ਕਿ ਜਦੋਂ ਤੱਕ ਅਮਰੀਕੀ ਅਥਾਰਿਟੀਜ਼ ਇਹ ਭਰੋਸਾ ਨਹੀਂ ਦਿਵਾਉਂਦੀਆਂ ਕਿ ਅਸਾਂਜ ਦਾ ਕੀ ਹੋਵੇਗਾ, ਉਹ ਵਿਕੀਲੀਕਸ ਦੇ ਬਾਨੀ ਨੂੰ ਆਪਣੀ ਹਵਾਲਗੀ ਖ਼ਿਲਾਫ਼ ਨਵੀਂ ਅਪੀਲ ਦਾਖ਼ਲ ਕਰਨ ਦੀ ਖੁੱਲ੍ਹ ਦੇ ਸਕਦੇ ਹਨ। ਕੋਰਟ ਦੇ ਫੈਸਲੇ ਤੋਂ ਇਹ ਤਾਂ ਸਾਫ਼ ਹੈ ਕਿ ਪਿਛਲੇ ਇਕ ਦਹਾਕੇ ਤੋਂ ਵੀ ਵੱਧ ਸਮੇਂ ਤੋਂ ਚੱਲ ਰਹੀ ਕਾਨੂੰਨ ਲੜਾਈ ਜਾਰੀ ਰਹੇਗੀ। ਕੇਸ ਦੀ ਅਗਲੀ ਸੁਣਵਾਈ 20 ਮਈ ਨੂੰ ਹੋਵੇਗੀ। ਜੱਜ ਵਿਕਟੋਰੀਆ ਸ਼ਾਰਪ ਤੇ ਜੱਜ ਜੈਰੇਮੀ ਜੌਹਨਸਨ ਨੇ ਕਿਹਾ ਕਿ ਅਮਰੀਕਾ ਵੱਲੋਂ ਜੇਕਰ ਕੋਈ ਭਰੋਸਾ ਨਾ ਦਿੱਤਾ ਗਿਆ ਤਾਂ ਉਹ ਅਸਾਂਜ ਨੂੰ ਪ੍ਰਗਟਾਵੇ ਦੀ ਆਜ਼ਾਦੀ ਦੀ ਉਲੰਘਣਾ ਤੇ ਮੌਤ ਦੀ ਸਜ਼ਾ ਸੁਣਾਏ ਜਾਣ ਦੇ ਖ਼ਦਸ਼ਿਆਂ ਦੇ ਆਧਾਰ ਉੱਤੇ ਹਵਾਲਗੀ ਨੂੰ ਚੁਣੌਤੀ ਦੇਣ ਲਈ ਨਵੀਂ ਅਰਜ਼ੀ ਦਾਖ਼ਲ ਕਰਨ ਦੀ ਪ੍ਰਵਾਨਗੀ ਦੇ ਦੇਣਗੇ।

# ਫਰਵਰੀ 'ਚ ਮਹਿੰਗਾਈ ਦਰ ਦੀ ਰਫਤਾਰ 2.8 ਫ਼ੀਸਦੀ ਨਾਲ ਘਟੀ

ਓਟਵਾ-ਪਿਛਲੇ ਮਹੀਨੇ ਕੈਨੇਡਾ ਦੀ ਸਾਲਾਨਾ ਮਹਿੰਗਾਈ ਦਰ ਅਚਾਨਕ ਘੱਟ ਕੇ 2.8 ਫ਼ੀ ਸਦੀ ਰਹਿ ਗਈ। ਇਸ ਲਈ ਸੈਲੂਲਰ ਤੇ ਇੰਟਰਨੈੱਟ ਸੇਵਾਵਾਂ ਵਿੱਚ ਆਈ ਭਾਰੀ ਗਿਰਾਵਟ ਦੇ ਨਾਲ ਨਾਲ ਗਰੌਸਰੀ ਦੀਆਂ ਕੀਮਤਾਂ ਵਿੱਚ ਆਈ ਕਮੀ ਵੀ ਜ਼ਿੰਮੇਵਾਰ ਹੈ। ਮੰਗਲਵਾਰ ਨੂੰ ਸਟੈਟੇਸਟਿਕਸ ਕੈਨੇਡਾ ਨੇ ਫਰਵਰੀ ਦਾ ਕੰਜ਼ਿਊਮਰ ਪ੍ਰਾਈਸ ਇੰਡੈਕਸ ਜਾਰੀ ਕੀਤਾ, ਜਿਸ ਤੋਂ ਸਾਹਮਣੇ ਆਇਆ ਕਿ ਕੀਮਤਾਂ ਵਿੱਚ ਵਾਧੇ ਵਿੱਚ ਲਗਾਤਾਰ ਦੂਜੇ ਮਹੀਨੇ ਗਿਰਾਵਟ ਦਰਜ ਕੀਤੀ ਗਈ ਹੈ। ਅਰਥਸ਼ਾਸਤਰੀਆਂ ਵੱਲੋਂ ਇਹ ਸੰਭਾਵਨਾ ਪ੍ਰਗਟਾਈ ਜਾ ਰਹੀ ਹੈ ਕਿ ਗੈਸੋਲੀਨ ਦੀਆਂ ਕੀਮਤਾਂ ਵਿੱਚ ਵਾਧਾ ਹੋਣ ਕਾਰਨ ਕੈਨੇਡਾ ਦੀ ਮਹਿੰਗਾਈ ਦਰ ਜਨਵਰੀ ਦੀ 2.9 ਫ਼ੀ ਸਦੀ ਮਹਿੰਗਾਈ ਦਰ ਨਾਲੋਂ ਟੱਪ ਜਾਵੇਗੀ। ਫੈਡਰਲ ਏਜੰਸੀ ਦਾ ਕਹਿਣਾ ਹੈ ਕਿ ਵਾਇਰਲੈੱਸ ਸਰਵਿਸਿਜ਼ 26.5 ਫ਼ੀ ਸਦੀ ਨਾਲ ਹੇਠਾਂ ਚੱਲ ਰਹੀਆਂ ਹਨ ਤੇ ਇੱਕ ਸਾਲ ਪਹਿਲਾਂ ਦੇ ਮੁਕਾਬਲੇ ਨਾਲੋਂ ਇੰਟਰਨੈੱਟ ਕੀਮਤਾਂ 13.2 ਫ਼ੀ ਸਦੀ ਡਿੱਗ ਗਈਆਂ ਹਨ। ਇੱਕ ਸਾਲ ਪਹਿਲਾਂ ਨਾਲੋਂ ਫਰਵਰੀ ਵਿੱਚ ਸਟੋਰ ਤੋਂ ਖਰੀਦੇ ਜਾਣ ਵਾਲੇ ਫੂਡ ਦੀਆਂ ਕੀਮਤਾਂ 2.4 ਫ਼ੀ ਸਦੀ ਦੇ ਹਿਸਾਬ ਨਾਲ ਹੌਲੀ ਹੌਲੀ ਵਧੀਆਂ। ਇਸ ਦੌਰਾਨ ਮਹਿੰਗਾਈ ਉੱਤੇ ਹਾਊਸਿੰਗ ਦੀਆਂ ਕੀਮਤਾਂ ਕਾਰਨ ਦਬਾਅ ਵਧਿਆ ਹੋਇਆ ਹੈ। ਮਾਰਗੇਜ ਇੰਟਰਸਟ 26.3 ਫ਼ੀ ਸਦੀ ਉੱਤੇ ਪੈ ਰਿਹਾ ਹੈ ਜਦਕਿ ਕਿਰਾਇਆ ਸਾਲਾਨਾ 8.2 ਫ਼ੀ ਸਦੀ ਪੈ ਰਿਹਾ ਹੈ।

# ਅਮਰੀਕਾ ਦੇ ਸਟੈਂਡ ਦੇ ਵਿਰੋਧ 'ਚ ਪੀਐੱਚਡੀ ਦੀ ਡਿਗਰੀ ਵਾਪਸ ਕੀਤੀ

ਨਵੀਂ ਦਿੱਲੀ (ਪੀਟੀਆਈ): ਸਮਾਜਿਕ ਕਾਰਕੁਨ ਸੰਦੀਪ ਪਾਂਡੇ ਨੇ ਇਜ਼ਰਾਈਲ-ਫਲਸਤੀਨ ਸੰਘਰਸ਼ ਵਿੱਚ ਅਮਰੀਕਾ ਦੇ ਸਟੈਂਡ ਦੇ ਵਿਰੋਧ ਵਿੱਚ ਯੂਨੀਵਰਸਿਟੀ ਆਫ ਕੈਲੀਫੋਰਨੀਆ (ਯੂਸੀ) ਬਰਕਲੇ ਨੂੰ ਅਧਿਕਾਰਤ ਤੌਰ 'ਤੇ ਆਪਣੀ ਪੀਐੱਚਡੀ ਦੀ ਡਿਗਰੀ ਵਾਪਸ ਕਰ ਦਿੱਤੀ ਹੈ। ਇਸ ਤੋਂ ਪਹਿਲਾਂ ਉਸ ਨੇ ਜਨਵਰੀ ਵਿੱਚ ਗਾਜ਼ਾ ਵਿੱਚ ਇਜ਼ਰਾਇਲੀ ਹਮਲੇ ਵਿੱਚ ਅਮਰੀਕਾ ਦੀ ਭੂਮਿਕਾ ਦੇ ਵਿਰੋਧ ਵਜੋਂ ਉਸ ਨੂੰ ਦਿੱਤਾ ਗਿਆ ਵੱਕਾਰੀ ਰੈਮਨ ਮੈਗਸੇਸੇ ਪੁਰਸਕਾਰ ਵਾਪਸ ਕਰਨ ਦਾ ਐਲਾਨ ਕੀਤਾ ਸੀ। ਉਸ ਨੇ ਇਸ ਮੁੱਦੇ 'ਤੇ ਸਾਈਰਾਕਿਊਜ਼ ਯੂਨੀਵਰਸਿਟੀ ਨੂੰ ਆਪਣੀਆਂ ਦੋਹਰੀ ਐੱਮਐੱਸਸੀ ਡਿਗਰੀਆਂ ਵੀ ਵਾਪਸ ਕਰ ਦਿੱਤੀਆਂ ਹਨ। ਪਾਂਡੇ ਨੇ ਕਿਹਾ ਕਿ ਇਜ਼ਰਾਈਲ-ਫਲਸਤੀਨ ਯੁੱਧ ਵਿੱਚ ਅਮਰੀਕਾ ਦੀ ਭੂਮਿਕਾ ਨਿੰਦਣਯੋਗ ਹੈ। ਉਸ ਨੇ ਕਿਹਾ ਕਿ ਅਮਰੀਕਾ ਯੁੱਧ ਨੂੰ ਖ਼ਤਮ ਕਰਨ ਲਈ ਵਿਚੋਲੇ ਦੀ ਭੂਮਿਕਾ ਨਿਭਾ ਸਕਦਾ ਸੀ ਅਤੇ ਫਲਸਤੀਨ ਨੂੰ ਇਕ ਸੁਤੰਤਰ ਰਾਸ਼ਟਰ ਦਾ ਦਰਜਾ ਪ੍ਰਾਪਤ ਕਰਕੇ ਸਮੱਸਿਆ ਦਾ ਸਥਾਈ ਹੱਲ ਲੱਭ ਸਕਦਾ ਸੀ ਪਰ ਉਸ ਨੇ ਫੌਜੀ ਤੌਰ 'ਤੇ ਇਜ਼ਰਾਈਲ ਦਾ ਅੰਨ੍ਹਾ ਸਮਰਥਨ ਜਾਰੀ ਰੱਖਿਆ ਜਿਸ ਨਾਲ ਵੱਡੀ ਗਿਣਤੀ ਬੇਕਸੂਰ ਮਾਰੇ ਗਏ।


UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers(TFW). We help employers in each and every step of acquiring Temporary Foreign Workers

Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com



HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ

☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ

- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage

(*Conditionsapply)

Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com



KULDIP S PANESAR
Senior Mortgage Advisor
Cell: 604-308-6839



# ਨਾਨਕਮੱਤਾ ਗੁਰਦੁਆਰਾ ਕਾਰ ਸੇਵਾ ਪ੍ਰਧਾਨ ਬਾਬਾ ਤਰਸੇਮ ਸਿੰਘ ਦੀ ਗੋਲੀ ਮਾਰ ਕੇ ਹੱਤਿਆ

## ਪੁਲੀਸ ਨੇ ਟਾਸਕ ਫੋਰਸ ਤੇ ਸਿਟ ਬਣਾਈ



ਨਵੀਂ ਦਿੱਲੀ-ਸਵੇਰੇ ਮੋਟਰਸਾਈਕਲ ਸਵਾਰ ਦੋ ਵਿਅਕਤੀਆਂ ਨੇ ਗੋਲੀ ਮਾਰ ਕੇ ਨਾਨਕਮੱਤਾ ਗੁਰਦੁਆਰਾ ਕਾਰ ਸੇਵਾ ਪ੍ਰਧਾਨ ਬਾਬਾ ਤਰਸੇਮ ਸਿੰਘ ਦੀ ਹੱਤਿਆ ਕਰ ਦਿੱਤੀ। ਇਸ ਤੋਂ ਬਾਅਦ ਉੱਤਰਾਖੰਡ ਪੁਲੀਸ ਹੈੱਡਕੁਆਰਟਰ ਨੇ ਵਿਸ਼ੇਸ਼ ਟਾਸਕ ਫੋਰਸ ਅਤੇ ਸਥਾਨਕ ਪੁਲੀਸ ਦੇ ਅਧਿਕਾਰੀਆਂ ਦੀ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਬਣਾਈ ਹੈ। ਸ਼ਾਂਤੀ ਬਣਾਈ ਰੱਖਣ ਲਈ ਊਧਮ ਸਿੰਘ ਨਗਰ ਜ਼ਿਲ੍ਹੇ ਦੇ ਨਾਨਕਮੱਤਾ ਇਲਾਕੇ ਵਿੱਚ ਵੀ ਵਾਧੂ ਪੁਲੀਸ ਫੋਰਸ ਤਾਇਨਾਤ ਕੀਤੀ ਗਈ ਹੈ ਅਤੇ ਪੁਲੀਸ ਨੇ ਸਿੱਖਾਂ ਨੂੰ ਸ਼ਾਂਤੀ ਦੀ ਅਪੀਲ ਕੀਤੀ ਹੈ। ਪੁਲੀਸ ਅਨੁਸਾਰ ਬਾਬਾ ਤਰਸੇਮ ਸਿੰਘ ਨੂੰ ਗੋਲੀ ਲੱਗਣ ਤੋਂ ਬਾਅਦ ਖਟੀਮਾ ਦੇ ਹਸਪਤਾਲ ਲਿਜਾਇਆ ਗਿਆ ਪਰ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਦੋਸ਼ੀਆਂ ਨੂੰ ਫੜਨ ਲਈ ਵੱਡੇ ਪੱਧਰ ‘ਤੇ ਤਲਾਸ਼ੀ ਮੁਹਿੰਮ ਚਲਾਈ ਜਾ ਰਹੀ ਹੈ। ਉੱਤਰਾਖੰਡ ਪੁਲੀਸ ਦੇ ਮੁਖੀ ਅਭਿਨਵ ਕੁਮਾਰ ਨੇ ਦੱਸਿਆ, ‘ਸਾਨੂੰ ਅੱਜ ਸਵੇਰੇ 7 ਵਜੇ ਦੇ ਕਰੀਬ ਸੂਚਨਾ ਮਿਲੀ ਕਿ ਸਵੇਰੇ 6.15-6.30 ਦਰਮਿਆਨ ਦੋ ਨਕਾਬਪੋਸ਼ ਹਮਲਾਵਰ ਨਾਨਕਮੱਤਾ ਗੁਰਦੁਆਰੇ ਵਿੱਚ ਦਾਖ਼ਲ ਹੋਏ ਅਤੇ ਕਾਰ ਸੇਵਾ ਮੁਖੀ ਬਾਬਾ ਤਰਸੇਮ ਸਿੰਘ ਨੂੰ ਗੋਲੀ ਮਾਰ ਦਿੱਤੀ।’ ਸੂਤਰਾਂ ਅਨੁਸਾਰ ਬਾਬਾ ਤਰਸੇਮ ਸਿੰਘ ਉਪਰ ਗੋਲੀਆਂ ਚਲਾਉਣ ਵਾਲਿਆਂ ਦਾ ਸਬੰਧ ਪੰਜਾਬ ਨਾਲ ਹੈ। ਇਹ ਕਤਲ ਕਾਰ ਸੇਵਾ ਜਾਂ ਧਾਰਮਿਕ ਸਥਾਨਾਂ ਨਾਲ ਜੁੜੇ ਵਿਵਾਦਾਂ ਕਾਰਨ ਕੀਤੇ ਜਾਣ ਦਾ ਸ਼ੱਕ ਹੈ।

# ਕੇਜਰੀਵਾਲ ਦੇ ਮਾਮਲੇ ’ਚ ਅਮਰੀਕੀ ਸਫ਼ੀਰ ਤਲਬ




ਨਵੀਂ ਦਿੱਲੀ-ਅਮਰੀਕੀ ਵਿਦੇਸ਼ ਵਿਭਾਗ ਦੇ ਤਰਜਮਾਨ ਵੱਲੋਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਕੀਤੀਆਂ ਟਿੱਪਣੀਆਂ ਤੋਂ ਇਕ ਦਿਨ ਮਗਰੋਂ ਭਾਰਤ ਨੇ ਅੱਜ ਸੀਨੀਅਰ ਅਮਰੀਕੀ ਸਫ਼ੀਰ ਨੂੰ ਤਲਬ ਕਰਕੇ ਸਖ਼ਤ ਰੋਸ ਜਤਾਇਆ ਹੈ। ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਨੇ ਅਮਰੀਕੀ ਮਿਸ਼ਨ ਵਿਚ ਕਾਰਜਕਾਰੀ ਡਿਪਟੀ ਚੀਫ ਗਲੋਰੀਆ ਬਾਰਬੇਨਾ ਨੂੰ ਆਪਣੇ ਸਾਊਥ ਬਲਾਕ ਸਥਿਤ ਦਫ਼ਤਰ ਵਿਚ ਸੱਦਿਆ ਇਹ ਮੀਟਿੰਗ ਅੱਧੇ ਘੰਟੇ ਦੇ ਕਰੀਬ ਚੱਲੀ। ਚੇਤੇ ਰਹੇ ਕਿ ਅਮਰੀਕੀ ਵਿਦੇਸ਼ ਵਿਭਾਗ ਦੇ ਅਧਿਕਾਰੀ ਨੇ ਕਿਹਾ ਸੀ ਕਿ ਉਹ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਨੂੰ ਨੇੜਿਓਂ ਵਾਚ ਰਹੇ ਹਨ ਤੇ ਕੇਜਰੀਵਾਲ ਨੂੰ ਨਿਰਪੱਖ ਤੇ ਪਾਰਦਰਸ਼ੀ ਕਾਨੂੰਨੀ ਪ੍ਰਕਿਰਿਆ ਤੇ ਸੁਣਵਾਈ ਦਾ ਮੌਕਾ ਮਿਲਣਾ ਚਾਹੀਦਾ ਹੈ। ਵਿਦੇਸ਼ ਮੰਤਰਾਲੇ ਨੇ ਮਗਰੋਂ ਇਕ ਬਿਆਨ ਵਿਚ ਕਿਹਾ, “ਅਸੀਂ ਅਮਰੀਕੀ ਵਿਦੇਸ਼ ਵਿਭਾਗ ਦੇ ਤਰਜਮਾਨ ਵੱਲੋਂ ਭਾਰਤ ‘ਚ ਕੁਝ ਕਾਨੂੰਨੀ ਕਾਰਵਾਈਆਂ ਨੂੰ ਲੈ ਕੇ ਕੀਤੀਆਂ ਟਿੱਪਣੀਆਂ ‘ਤੇ ਸਖ਼ਤ ਇਤਰਾਜ਼ ਜਤਾਇਆ ਹੈ।” ਬਿਆਨ ਵਿਚ ਕਿਹਾ ਗਿਆ, “ਕੂਟਨੀਤੀ ਵਿਚ ਦੇਸ਼ਾਂ ਤੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਦੂਜਿਆਂ ਦੀ ਪ੍ਰਭੂਸੱਤਾ ਤੇ ਅੰਦਰੂਨੀ ਮਾਮਲਿਆਂ ਦਾ ਸਤਿਕਾਰ ਕਰਨਗੇ। ਇਕ ਦੂਜੇ ਦਾ ਸਹਿਯੋਗ ਕਰਨ ਵਾਲੀਆਂ ਜਮਹੂਰੀਅਤਾਂ ਹੋਣ ਦੇ ਨਾਤੇ ਇਹ ਜ਼ਿੰਮੇਵਾਰੀ ਹੋਰ ਵੀ ਵਧ ਜਾਂਦੀ ਹੈ। ਨਹੀਂ ਤਾਂ ਇਹ ਗ਼ੈਰ-ਸਿਹਤਮੰਦ ਮਿਸਾਲਾਂ ਨੂੰ ਸਥਾਪਤ ਕਰ ਸਕਦਾ ਹੈ।” ਭਾਰਤ ਦੀ ਜਮਹੂਰੀ ਪ੍ਰਕਿਰਿਆ ‘ਨਿਰਪੱਖ ਨਿਆਂਪਾਲਿਕਾ ‘ਤੇ ਆਧਾਰਿਤ ਹੈ, ਜੋ ਉਦੇਸ਼ਪੂਰਨ ਤੇ ਸਮੇਂ ਸਿਰ ਨਤੀਜਿਆਂ ਲਈ ਵਚਨਬੱਧ ਹੈ।” ਜਰਮਨੀ ਮਗਰੋਂ ਅਮਰੀਕਾ ਨੇ ਇਸ ਮਾਮਲੇ ਵਿੱਚ ਸਖ਼ਤ ਪ੍ਰਤੀਕਿਰਿਆ ਦਿੱਤੀ ਹੈ।

### ਈਡੀ ਵੱਲੋਂ ‘ਆਪ’ ਆਗੂ ਦੇ ਟਿਕਾਣਿਆਂ ’ਤੇ ਛਾਪੇ

ਨਵੀਂ ਦਿੱਲੀ: ਐਨਫੋਰਸਮੈਂਟ ਡਾਇਰੈਕਟੋਰੇਟ ਨੇ ਮਨੀ ਲਾਂਡਰਿੰਗ ਨਾਲ ਸਬੰਧਤ ਕੇਸ ਦੀ ਜਾਂਚ ਦੇ ਸਿਲਸਿਲੇ ’ਚ ਅੱਜ ਦਿੱਲੀ ਵਿੱਚ ਆਮ ਆਦਮੀ ਪਾਰਟੀ ਦੇ ਆਗੂ ਦੀਪਕ ਸਿੰਗਲਾ ਦੇ ਟਿਕਾਣਿਆਂ ‘ਤੇ ਛਾਪੇ ਮਾਰੇ ਹਨ। ਅਧਿਕਾਰਤ ਸੂਤਰਾਂ ਨੇ ਇਹ ਜਾਣਕਾਰੀ ਦਿੱਤੀ। ਸਿੰਗਲਾ ਨੇ ਵਿਸ਼ਵਾਸ ਨਗਰ ਸੀਟ ਤੋਂ ‘ਆਪ’ ਦੀ ਟਿਕਟ ‘ਤੇ ਦਿੱਲੀ ਵਿਧਾਨ ਸਭਾ ਦੀ ਚੋਣ ਲੜੀ ਸੀ ਪਰ ਹਾਰ ਗਏ ਸਨ। ਸੂਤਰਾਂ ਨੇ ਦੱਸਿਆ ਕਿ ਇਹ ਛਾਪੇ ਕੁਝ ਵਿੱਤੀ ਬੇਨਿਯਮੀਆਂ ਦੇ ਸਬੰਧ ਵਿੱਚ ਮਾਰੇ ਗਏ ਸਨ।

# ਸਮੁੰਦਰੀ ਬੇੜਾ ਟਕਰਾਉਣ ਕਾਰਨ ਪੁਲ ਢਹਿਆ



ਬਾਲਟੀਮੋਰ-ਅਮਰੀਕਾ ਦੇ ਮੈਰੀਲੈਂਡ ਸੂਬੇ ਦੇ ਬਾਲਟੀਮੋਰ ‘ਚ ਕੰਟੇਨਰਾਂ ਨਾਲ ਲੱਦਿਆ ਸਮੁੰਦਰੀ ਬੇੜਾ ਇੱਥੋਂ ਦੇ ਇੱਕ ਅਹਿਮ ਪੁਲ ਨਾਲ ਟਕਰਾ ਗਿਆ। ਇਸ ਘਟਨਾ ਵਿੱਚ ਪੁਲ ਢਹਿ ਗਿਆ ਤੇ ਕਈ ਗੱਡੀਆਂ ਨਦੀ ‘ਚ ਡਿੱਗ ਗਈਆਂ। ਬਚਾਅ ਕਰਮੀ ਨਦੀ ‘ਚ ਡਿੱਗੇ ਘੱਟੋ ਘੱਟ ਸੱਤ ਵਿਅਕਤੀਆਂ ਦੀ ਭਾਲ ਕਰ ਰਹੇ ਹਨ। ਮੈਰੀਲੈਂਡ ਦੇ ਗਵਰਨਰ ਨੇ ਕਿਹਾ ਕਿ ਜਹਾਜ਼ ਦੇ ਚਾਲਕ ਦਲ ਵਿਚ 22 ਜਣੇ ਸੀ ਜੋ ਸਾਰੇ ਭਾਰਤੀ ਸਨ। ਸਮੁੰਦਰੀ ਜਹਾਜ਼ ਦੇ ਪੁਲ ਨਾਲ ਟਕਰਾਉਣ ਤੋਂ ਪਹਿਲਾਂ ਫੋਨ ਕਾਲ ਕੀਤੀ ਗਈ ਸੀ ਜਿਸ ਵਿਚ ਅਧਿਕਾਰੀਆਂ ਨੂੰ ਪੁਲ ‘ਤੇ ਵਾਹਨਾਂ ਦੀ ਆਵਾਜਾਈ ਨੂੰ ਸੀਮਤ ਕਰਨ ਲਈ ਕਿਹਾ ਗਿਆ ਸੀ। ਉਨ੍ਹਾਂ ਦੱਸਿਆ ਕਿ ਇਹ ਜਹਾਜ਼ ਬਹੁਤ ਤੇਜ਼ ਰਫ਼ਤਾਰ ਨਾਲ ਪੁਲ ਵੱਲ ਵਧ ਰਿਹਾ ਸੀ ਪਰ ਅਧਿਕਾਰੀਆਂ ਦੀ ਚੌਕਸੀ ਕਾਰਨ ਵੱਡਾ ਹਾਦਸਾ ਟਲ ਗਿਆ। ਸੋਸ਼ਲ ਮੀਡੀਆ ਮੰਚ ‘ਐਕਸ’ ‘ਤੇ ਪੋਸਟ ਕੀਤੀ ਗਈ ਇੱਕ ਵੀਡੀਓ ਅਨੁਸਾਰ ਇਹ ਬੇੜਾ ਫਰਾਂਸਿਸ ਸਕਾਟ ਦੇ ਪੁਲ ਦੇ ਇੱਕ ਪਿੱਲਰ ਨਾਲ ਟਕਰਾ ਗਿਆ ਜਿਸ ਕਾਰਨ ਪੁਲ ਢਹਿ ਕੇ ਪਾਣੀ ਵਿੱਚ ਡਿੱਗ ਗਿਆ। ਇਸ ਹਾਦਸੇ ‘ਚ ਬੇੜੇ ਨੂੰ ਵੀ ਅੱਗ ਲੱਗ ਗਈ।






# ਭਾਜਪਾ ਨਾਲ ਸਾਂਝ ਪੰਜਾਬ ਦੇ ਮੁੱਦਿਆਂ ਕਰਕੇ ਤੋੜੀ-ਸੁਖਬੀਰ

## ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਵੱਲੋਂ ਦਿੱਲੀ ਦੀਆਂ ਸਿਆਸੀ ਪਾਰਟੀਆਂ 'ਤੇ ਪੰਜਾਬ ਪ੍ਰਤੀ ਵਫ਼ਾਦਾਰ ਨਾ ਹੋਣ ਦਾ ਦੋਸ਼



ਮਾਨਸਾ-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਭਾਜਪਾ ਨਾਲ ਸਮਝੌਤਾ ਸੀਟਾਂ ਦੀ ਵੰਡ ਨੂੰ ਲੈ ਕੇ ਬਿਲਕੁਲ ਨਹੀਂ ਟੁੱਟਿਆ, ਸਗੋਂ ਸ਼੍ਰੋਮਣੀ ਅਕਾਲੀ ਦਲ ਨੇ ਆਪਣੀ ਕੋਰ ਕਮੇਟੀ ਦੀ ਮੀਟਿੰਗ ਦੌਰਾਨ 4-5 ਦਿਨ ਪਹਿਲਾਂ ਹੀ ਭਾਰਤੀ ਜਨਤਾ ਪਾਰਟੀ ਤੋਂ ਦੂਰੀ ਬਣਾਉਣ ਦਾ ਸਰਬਸੰਮਤੀ ਨਾਲ ਫ਼ੈਸਲਾ ਲਿਆ ਸੀ। ਉਨ੍ਹਾਂ ਕਿਹਾ ਕਿ ਭਾਵੇਂ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਸਣੇ ਹੋਰ ਆਗੂ ਸੀਟਾਂ ਦੀ ਵੰਡ ਨੂੰ ਲੈ ਕੇ ਗੱਠਜੋੜ ਸਿਰੇ ਨਾ ਚੜ੍ਹਨ ਦੀ ਗੱਲ ਕਰ ਰਹੇ ਹਨ, ਪਰ ਸੱਚਾਈ ਇਹ ਹੈ ਕਿ ਅਕਾਲੀ ਦਲ ਨੇ ਲੰਬੇ ਸਮੇਂ ਤੋਂ ਚਲੀ ਆ ਰਹੀ ਭਾਜਪਾ ਨਾਲ ਸਾਂਝ ਪੰਜਾਬ ਦੇ ਮੁੱਦਿਆਂ ਨੂੰ ਲੈ ਕੇ ਹੀ ਤੋੜੀ ਹੈ। ਬਾਦਲ ਨੇ ਕਿਹਾ ਕਿ ਰਾਜ ਵਿੱਚ ਇਸ ਵੇਲੇ ਸ਼੍ਰੋਮਣੀ ਅਕਾਲੀ ਦਲ ਚੋਣ ਮੈਦਾਨ ਵਿਚ ਇਕੱਲੀ ਖੇਤਰੀ ਪਾਰਟੀ ਹੈ। ਉਨ੍ਹਾਂ ਕਿਹਾ ਕਿ ਸਾਡਾ ਭਾਜਪਾ, ਕਾਂਗਰਸ ਤੇ ਆਮ ਆਦਮੀ ਪਾਰਟੀ ਨਾਲ ਮੁਕਾਬਲਾ ਹੈ, ਜਿਨ੍ਹਾਂ ਕੋਲ ਪੰਜਾਬ ਲਈ ਕੋਈ ਏਜੰਡਾ ਨਹੀਂ ਹੈ। ਉਨ੍ਹਾਂ ਕਿਹਾ ਕਿ ਸਿਰਫ ਅਕਾਲੀ ਦਲ ਹੀ ਪੰਜਾਬ ਦੇ ਹਿੱਤਾਂ ਦੀ ਰਾਖੀ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਦਿੱਲੀ ਦੀਆਂ ਪਾਰਟੀਆਂ ਪੰਜਾਬ ਨਾਲ ਕਦੇ ਵਫ਼ਾਦਾਰ ਨਹੀਂ ਹੋਈਆਂ। ਮੁੱਖ ਮੰਤਰੀ ਭਗਵੰਤ ਮਾਨ ਤੇ ਉਨ੍ਹਾਂ ਦਾ ਮੰਤਰੀ ਮੰਡਲ ਅਰਵਿੰਦ ਕੇਜਰੀਵਾਲ ਨੂੰ ਖ਼ੁਸ਼ ਕਰਨ ਵਿਚ ਰੁੱਝਿਆ ਹੋਇਆ ਹੈ। ਜੋਗਾ (ਸ਼ੰਗਾਰਾ ਸਿੰਘ ਅਕਲੀਆ): ਸ਼੍ਰੋਮਣੀ ਅਕਾਲੀ ਦਲ ਦੀ 'ਪੰਜਾਬ ਬਚਾਓ' ਯਾਤਰਾ ਅੱਜ ਪਿੰਡ ਅਕਲੀਆ, ਸ਼ਹਿਰ ਜੋਗਾ, ਰੱਲਾ ਤੋਂ ਹੁੰਦੀ ਹੋਈ ਮਾਨਸਾ ਵੱਲ ਰਵਾਨਾ ਹੋ ਗਈ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਲੋਕਤੰਤਰ ਦੀ ਖ਼ੂਬਸੂਰਤੀ ਹੈ ਕਿ ਅਸਲ ਤਾਕਤ ਲੋਕਾਂ ਦੇ ਹੱਥਾਂ ਵਿੱਚ ਹੈ ਪਰ ਕਈ ਵਾਰ ਭਾਵੁਕ ਹੋ ਕੇ ਲੋਕ ਗ਼ਲਤ ਫ਼ੈਸਲਾ ਲੈ ਬੈਠਦੇ ਹਨ। ਉਨ੍ਹਾਂ ਕਿਹਾ ਕਿ ਸਿਆਸੀ ਵਿਚਾਰਧਾਰਾ ਤੋਂ ਸੱਖਣੇ ਲੋਕਾਂ ਦੇ ਹੱਥ ਸੂਬੇ ਦੀ ਸੱਤਾ ਆਉਣ ਕਾਰਨ ਬਹੁਤ ਵੱਡਾ ਨੁਕਸਾਨ ਹੋ ਰਿਹਾ ਹੈ। ਸਾਬਕਾ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਦਾਅਵਾ ਕੀਤਾ ਕਿ 'ਆਪ' ਸਰਕਾਰ ਦੀ ਆਲੋਚਨਾ ਕਰਦਿਆਂ ਕਿਹਾ ਕਿ ਵਾਅਦਾ ਕਰਨ ਦੇ ਬਾਵਜੂਦ ਔਰਤਾਂ ਦੇ ਖਾਤੇ ਵਿੱਚ ਹਜ਼ਾਰ-ਹਜ਼ਾਰ ਰੁਪਏ ਅਜੇ ਤੱਕ ਨਹੀਂ ਆਇਆ। ਹੁਣ ਪੰਜਾਬ ਦੀਆਂ ਬੀਬੀਆਂ ਹੀ ਇਨ੍ਹਾਂ ਨੂੰ ਸਬਕ ਸਿਖਾਉਣਗੀਆਂ।

### ਅਕਾਲੀ ਦਲ ਦੇ ਉਮੀਦਵਾਰਾਂ ਦਾ ਜਲਦ ਹੋਵੇਗਾ ਐਲਾਨ

ਢਲਾਡਾ (ਅਮਿਤ ਕੁਮਾਰ): ਅੱਜ 'ਪੰਜਾਬ ਬਚਾਓ' ਯਾਤਰਾ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਲੋਕ ਸਭਾ ਚੋਣਾਂ ਵਿੱਚ ਅਕਾਲੀ ਦਲ 13 ਸੀਟਾਂ 'ਤੇ ਜਿੱਤ ਪ੍ਰਾਪਤ ਕਰੇਗਾ। ਉਨ੍ਹਾਂ ਕਿਹਾ ਕਿ ਉਮੀਦਵਾਰਾਂ ਦੀ ਸਹਿਮਤੀ ਬਣ ਚੁੱਕੀ ਹੈ ਆਉਣ ਵਾਲੇ ਦਿਨਾਂ ਵਿੱਚ ਨਾਂਵਾਂ ਦਾ ਐਲਾਨ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਨੌਜਵਾਨ ਨਸ਼ਿਆਂ ਦੀ ਦਲਦਲ ਵਿੱਚ ਧੱਸ ਰਹੇ ਹਨ, ਜਿਸ ਦੀ ਮੁੱਖ ਜ਼ਿੰਮੇਵਾਰ ਪੰਜਾਬ ਦੀ ਮੌਜੂਦਾ 'ਆਪ' ਸਰਕਾਰ ਹੈ। ਭਾਜਪਾ, ਕਾਂਗਰਸ ਅਤੇ 'ਆਪ' ਪੰਜਾਬ ਨੂੰ ਬਰਬਾਦ ਕਰਨ 'ਤੇ ਤੁਲੀਆਂ ਹੋਈਆਂ ਹਨ। ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਮੁੱਖ ਮੰਤਰੀ ਮਾਨ ਦੇ ਜੱਦੀ ਜ਼ਿਲ੍ਹੇ ਵਿੱਚ ਨਾਜਾਇਜ਼ ਸ਼ਰਾਬ ਦਾ ਕਾਰੋਬਾਰ ਚੱਲ ਰਿਹਾ ਹੈ। ਇਸ ਕਾਰਨ ਦਰਜਨ ਲੋਕਾਂ ਦੇ ਘਰਾਂ ਦੇ ਚਿਰਾਗ ਬੁੱਝ ਚੁੱਕੇ ਹਨ। ਸੁਨਾਮ ਊਧਮ ਸਿੰਘ ਵਾਲਾ (ਸਤਨਾਮ ਸਿੰਘ ਸੱਤੀ): ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸੁਨਾਮ ਦੇ ਟਿੱਬੀ ਰਵਿਦਾਸਪੁਰਾ 'ਚ ਸ਼ਰਾਬ ਕਾਰਨ ਲਗਾਤਾਰ ਹੋ ਰਹੀਆਂ ਮੌਤਾਂ ਨੂੰ ਲੈ ਕੇ ਪੀੜਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਈ ਤੇ ਦਾਅਵਾ ਕੀਤਾ ਕਿ ਆਮ ਆਦਮੀ ਪਾਰਟੀ ਸਰਕਾਰ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਉਸ ਨੇ ਪਿੰਡਾਂ 'ਚ ਘਰ-ਘਰ ਨਸ਼ਾ ਪੁੱਜਦਾ ਕਰ ਦਿੱਤਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਕੁਝ ਅਫ਼ਸਰਾਂ ਨੇ ਦੱਸਿਆ ਕਿ 'ਆਪ' ਵਿਧਾਇਕ ਕਥਿਤ ਤੌਰ 'ਤੇ ਸ਼ਰੇਆਮ ਪੈਸੇ ਲੈਣ ਲੱਗ ਪਏ ਹਨ ਤੇ ਅਫ਼ਸਰਾਂ ਨੂੰ ਹਦਾਇਤ ਕੀਤੀ ਜਾ ਰਹੀ ਹੈ ਕਿ ਤਸਕਰਾਂ ਨੂੰ ਹੱਥ ਨਾ ਪਾਇਆ ਜਾਵੇ। ਬਾਦਲ ਨੇ ਕਿਹਾ ਕਿ ਜੇ ਪੀੜਤ ਪਰਿਵਾਰਾਂ ਨੂੰ ਘੱਟੋ-ਘੱਟ 20 ਲੱਖ ਰੁਪਏ ਮੁਆਵਜ਼ਾ ਅਤੇ ਨੌਕਰੀ ਨਾ ਦਿੱਤੀ ਗਈ ਤਾਂ ਉਹ ਪੀੜਤ ਪਰਿਵਾਰਾਂ ਦੇ ਮੈਂਬਰਾਂ ਨੂੰ ਨਾਲ ਲੈ ਕੇ ਡਿਪਟੀ ਕਮਿਸ਼ਨਰ ਦਫ਼ਤਰ ਅੱਗੇ ਧਰਨਾ ਦੇਣਗੇ।


# ਅਕਾਲੀ ਦਲ ਤੇ ਭਾਜਪਾ ਦੇ ਵੱਖ ਹੋਣ ਦੇ ਐਲਾਨ ਮਗਰੋਂ ਚੋਣ ਮੈਦਾਨ ਭਖਿਆ

## ਹਰਸਿਮਰਤ ਬਾਦਲ ਦੇ ਹੱਕ ਵਿੱਚ ਪ੍ਰਚਾਰ ਕਰਨ ਵਾਲੇ ਭਾਜਪਾ ਵਰਕਰ ਹੁਣ ਕਰਨਗੇ ਵਿਰੋਧ

ਮਾਨਸਾ-ਭਾਜਪਾ ਦੀ ਪੰਜਾਬ ਇਕਾਈ ਦੇ ਪ੍ਰਧਾਨ ਸੁਨੀਲ ਜਾਖੜ ਵੱਲੋਂ ਸ਼੍ਰੋਮਣੀ ਅਕਾਲੀ ਦਲ ਨਾਲ ਗੱਠਜੋੜ ਨਾ ਕਰਨ ਦੇ ਐਲਾਨ ਤੋਂ ਬਾਅਦ ਹੁਣ ਬਠਿੰਡਾ ਲੋਕ ਸਭਾ ਹਲਕੇ ਤੋਂ ਬਾਦਲ ਪਰਿਵਾਰ ਖ਼ਿਲਾਫ਼ ਉਹੀ ਆਗੂ ਉਨ੍ਹਾਂ ਦਾ ਵਿਰੋਧ ਕਰਨਗੇ ਜਿਨ੍ਹਾਂ ਦੇ ਉਪਰਾਲਿਆਂ ਸਦਕਾ ਹਰਸਿਮਰਤ ਕੌਰ ਬਾਦਲ ਲਗਾਤਾਰ ਤਿੰਨ ਵਾਰ ਇਸ ਸੀਟ ਤੋਂ ਸੰਸਦ ਮੈਂਬਰ ਰਹੇ ਸਨ। ਇਹ ਆਗੂ ਬਾਦਲ ਪਰਿਵਾਰ ਦੇ ਨਜ਼ਦੀਕੀ ਮੰਨੇ ਜਾਂਦੇ ਰਹੇ ਹਨ ਅਤੇ ਵੱਖ-ਵੱਖ ਵਿਧਾਨ ਸਭਾ ਹਲਕਿਆਂ ਤੋਂ ਅਕਾਲੀ ਦਲ ਵੱਲੋਂ ਚੋਣਾਂ ਲੜਦੇ ਰਹੇ ਹਨ। ਵੇਰਵਿਆਂ ਅਨੁਸਾਰ ਭਾਜਪਾ ਦੀ ਪੰਜਾਬ ਇਕਾਈ ਦੇ ਸੀਨੀਅਰ ਮੀਤ ਪ੍ਰਧਾਨ ਜਗਦੀਪ ਸਿੰਘ ਨਕੱਈ, ਸੁਖਬੀਰ ਸਿੰਘ ਬਾਦਲ ਦੇ ਸਹਿਪਾਠੀ ਰਹੇ ਹਨ ਅਤੇ ਮਾਨਸਾ ਜ਼ਿਲ੍ਹੇ ਦੇ ਜੋਗਾ ਵਿਧਾਨ ਸਭਾ ਹਲਕੇ ਤੋਂ ਚੋਣ ਜਿੱਤਦੇ ਰਹੇ ਹਨ। ਉਹ ਪਿਛਲੇ ਸਮੇਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਤੋਂ ਨਾਰਾਜ਼ ਹੋ ਕੇ ਭਾਜਪਾ ਵਿੱਚ ਚਲੇ ਗਏ ਸਨ। ਇਸ ਵੇਲੇ ਉਨ੍ਹਾਂ ਦਾ ਨਾਮ ਬਠਿੰਡਾ ਸੰਸਦੀ ਸੀਟ ਤੋਂ ਭਾਜਪਾ ਦੇ ਸੰਭਾਵੀ ਉਮੀਦਵਾਰਾਂ ਦੀ ਪਹਿਲੀ ਕਤਾਰ ਦੇ ਆਗੂਆਂ ਵਿੱਚ ਆਉਂਦਾ ਹੈ। ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਬਠਿੰਡਾ ਵਿਧਾਨ ਸਭਾ ਸੀਟ ਤੋਂ ਵਿਧਾਇਕ ਰਹੇ ਸਰੂਪ ਚੰਦ ਸਿੰਗਲਾ ਇਸ ਵੇਲੇ ਭਾਜਪਾ ਦੀ ਸਿਖ਼ਰਲੀ ਟੀਮ ਹੇਠ ਕੰਮ ਰਹੇ ਹਨ ਅਤੇ ਉਨ੍ਹਾਂ ਨੇ ਵੀ ਭਾਜਪਾ ਵੱਲੋਂ ਬਠਿੰਡਾ ਤੋਂ ਚੋਣ ਲੜਨ ਦਾ ਬਕਾਇਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਜੇ ਭਾਜਪਾ ਨੇ ਉਨ੍ਹਾਂ ਨੂੰ ਮੈਦਾਨ ਵਿੱਚ ਉਤਾਰਿਆ ਤਾਂ ਉਹ ਬਠਿੰਡਾ ਤੋਂ ਬਾਦਲ ਪਰਿਵਾਰ ਖ਼ਿਲਾਫ਼ ਚੋਣ ਲੜਨ ਤੋਂ ਪਿੱਛੇ ਨਹੀਂ ਹਟਣਗੇ। ਉਧਰ ਮਾਨਸਾ ਤੋਂ ਸਾਬਕਾ ਵਿਧਾਇਕ ਮੰਗਤ ਰਾਏ ਬਾਂਸਲ ਅਤੇ ਜ਼ਿਲ੍ਹਾ ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਮੁਨੀਸ਼ ਕੁਮਾਰ ਬੱਬੀ ਦਾਨੇਵਾਲੀਆ, ਜੋ ਕਿਸੇ ਵੇਲੇ ਸ਼੍ਰੋਮਣੀ ਅਕਾਲੀ ਦਲ ਵਿੱਚ ਹੁੰਦਿਆਂ ਬੀਬਾ ਬਾਦਲ ਦੀ ਚੋਣ ਲਈ ਦਿਨ-ਰਾਤ ਜੁੱਟੇ ਰਹਿੰਦੇ ਸਨ, ਹੁਣ ਭਾਜਪਾ ਦੇ ਚੋਣ ਜਲਸਿਆਂ 'ਚ ਕੁੱਦਣ ਲਈ ਕਾਹਲੇ ਹਨ।

### ਮੁੜ ਹਰਸਿਮਰਤ ਖ਼ਿਲਾਫ਼ ਪ੍ਰਚਾਰ ਲਈ ਉਤਰ ਸਕਦੇ ਨੇ ਮਨਪ੍ਰੀਤ ਬਾਦਲ

ਮਨਪ੍ਰੀਤ ਸਿੰਘ ਬਾਦਲ ਇੱਕ ਵਾਰ ਮੁੜ ਹਰਸਿਮਰਤ ਕੌਰ ਬਾਦਲ ਖ਼ਿਲਾਫ਼ ਚੋਣ ਮੈਦਾਨ ਵਿੱਚ ਪ੍ਰਚਾਰ ਕਰਨ ਲਈ ਉਤਰ ਸਕਦੇ ਹਨ। ਭਾਵੇਂ ਭਾਜਪਾ ਵੱਲੋਂ ਬਠਿੰਡਾ ਤੋਂ ਮਨਪ੍ਰੀਤ ਸਿੰਘ ਬਾਦਲ ਨੂੰ ਵੀ ਚੋਣ ਮੈਦਾਨ ਵਿੱਚ ਉਤਾਰਿਆ ਜਾ ਸਕਦਾ ਹੈ ਪਰ ਉਨ੍ਹਾਂ ਦੇ ਕੁੱਝ ਸਮਾਂ ਪਹਿਲਾਂ ਬਿਮਾਰ ਹੋਣ ਕਾਰਨ ਇਹ ਸੰਭਾਵਨਾਵਾਂ ਹਾਲੇ ਮੱਧਮ ਦਿਖਾਈ ਦਿੰਦੀਆਂ ਹਨ। ਹਾਲਾਂਕਿ ਉਹ ਚੋਣ ਪ੍ਰਚਾਰ ਵਿੱਚ ਜ਼ਰੂਰ ਸ਼ਾਮਲ ਹੋਣਗੇ।






# ਕੇਜਰੀਵਾਲ ਦੀ ਗ੍ਰਿਫ਼ਤਾਰੀ ਪਿੱਛੇ ਭਾਜਪਾ ਦੀ ਸਾਜਿਸ਼ ਜਾਂ ਕੁਝ ਹੋਰ ਵੀ...

**ਸੁਖਵਿੰਦਰ ਸਿੰਘ ਚੋਹਲਾ**

ਆਖਰ ਈਡੀ ਵਲੋਂ ਦਿੱਲੀ ਦੇ ਮੁੱਖ ਮੰਤਰੀ ਤੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੂੰ ਆਬਕਾਰੀ ਨੀਤੀ ਘੁਟਾਲੇ ਵਿਚ ਵਾਰ- ਵਾਰ ਸੰਮਨ ਭੇਜਣ ਉਪਰੰਤ ਗ੍ਰਿਫਤਾਰ ਕਰ ਹੀ ਲਿਆ। ਆਪ ਸੁਪਰੀਮੋ ਜੋ ਕਿ ਈਡੀ ਵਲੋਂ ਪੁੱਛਗਿਛ ਲਈ ਭੇਜੇ ਜਾ ਰਹੇ ਸੰਮਨਾਂ ਨੂੰ ਨਜ਼ਰ ਅੰਦਾਜ ਕਰਦੇ ਹੋਏ ਇਸਨੂੰ ਭਾਜਪਾ ਹਾਈਕਮਾਨ ਵਲੋਂ ਉਹਨਾਂ ਖਿਲਾਫ ਰਚੀ ਜਾ ਰਹੀ ਸਾਜਿਸ਼ ਦੱਸ ਰਹੇ ਸਨ, ਨੂੰ ਵੀ ਸ਼ਾਇਦ ਇਹ ਅੰਦਾਜਾ ਨਹੀ ਸੀ ਕਿ ਉਹਨਾਂ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ। ਲੋਕ ਸਭਾ ਚੋਣਾਂ ਦਾ ਬਿਗਲ ਵੱਜਣ ਤੇ ਆਦਰਸ਼ ਚੋਣ ਜਾਬਤਾ ਲਾਗੂ ਹੋ ਜਾਣ ਉਪਰੰਤ ਇੰਡੀਆ ਗਠਜੋੜ ਨਾਲ ਸੀਟਾਂ ਦੀ ਵੰਡ ਤੇ ਚੋਣ ਸਰਗਰਮੀਆਂ ਵਿਚ ਰੁੱਝੇ ਕੇਜਰੀਵਾਲ ਨੂੰ ਬੀਤੇ ਵੀਰਵਾਰ ਜਿਵੇਂ ਈਡੀ ਅਧਿਕਾਰੀਆਂ ਨੇ ਹਿਰਾਸਤ ਵਿਚ ਲਿਆ ਤੇ ਫਿਰ ਅਦਾਲਤ ਕੋਲੋਂ 6 ਦਿਨ ਦਾ ਰਿਮਾਂਡ ਵੀ ਪ੍ਰਾਪਤ ਕਰ ਲਿਆ, ਉਸਤੋਂ ਲੱਗਦਾ ਹੈ ਭਾਰਤੀ ਜਨਤਾ ਪਾਰਟੀ ਨੇ ਆਪਣੀ ਤੀਸਰੀ ਪਾਰੀ ਦੀ ਤਿਆਰੀ ਲਈ ਵਿਰੋਧੀ ਧਿਰਾਂ ਨੂੰ ਡਰਾ-ਧਮਕਾਕੇ ਰੱਖਣ ਲਈ ਹਰ ਢੰਗ ਤਰੀਕਾ ਅਪਨਾਉਣ ਦਾ ਮਨ ਬਣਾ ਰੱਖਿਆ ਹੈ। ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਗ੍ਰਿਫਤਾਰ ਕੀਤੇ ਜਾਣ ਦੀ ਕਾਰਵਾਈ ਨੂੰ ਵਿਰੋਧੀ ਧਿਰਾਂ ਨੇ ਭਾਜਪਾ ਦੀ ਤਾਨਾਸ਼ਾਹੀ ਤੇ ਲੋਕਤੰਤਰੀ ਪ੍ਰਕਿਰਿਆ ਨੂੰ ਅਗਵਾ ਕੀਤੇ ਜਾਣ ਦੇ ਨਾਲ ਜਮਹੂਰੀਅਤ ਉਪਰ ਵੱਡਾ ਹਮਲਾ ਕਰਾਰ ਦਿੱਤਾ ਹੈ। ਉਹਨਾਂ ਪ੍ਰਧਾਨ ਮੰਤਰੀ ਮੋਦੀ ਤੇ ਨਵਾਂ ਤਾਨਾਸ਼ਾਹ ਬਣਨ ਦੇ ਦੋਸ਼ ਲਗਾਏ ਹਨ ਪਰ ਇਸ ਸੱਚਾਈ ਤੋ ਇਨਕਾਰ ਕਰਨਾ ਮੁਸ਼ਕਲ ਹੈ ਕਿ ਦਿੱਲੀ ਸਰਕਾਰ ਦਾ ਆਬਕਾਰੀ ਘੁਟਾਲਾ ਮਹਿਜ਼ ਸਿਆਸੀ ਬਦਲਾਖੋਰੀ ਦਾ ਕੋਈ ਨਤੀਜਾ ਹੈ।

ਇਸਤੋਂ ਪਹਿਲਾਂ ਦਿੱਲੀ ਸਰਕਾਰ ਦੇ ਡਿਪਟੀ ਮੁੱਖ ਮੰਤਰੀ ਮੁਨੀਸ਼ ਸਿਸੋਦੀਆ ਤੇ ਰਾਜ ਸਭਾ ਮੈਂਬਰ ਸੰਜੇ ਸਿੰਘ ਇਸ ਮਾਮਲੇ ਤਹਿਤ ਜੇਲ ਵਿਚ ਹਨ ਤੇ ਅਦਾਲਤੀ ਅਪੀਲਾਂ ਦੇ ਬਾਵਜੂਦ ਉਹਨਾਂ ਦਾ ਛੁਟਕਾਰਾ ਨਹੀ ਹੋ ਰਿਹਾ। ਇਸ ਸ਼ਰਾਬ ਘੁਟਾਲੇ ਵਿਚ ਨਵਾਂ ਕਾਂਡ ਤਿਲੰਗਾਨਾ ਦੇ ਸਾਬਕਾ ਮੁੱਖ ਮੰਤਰੀ ਦੀ ਧੀ ਅਤੇ ਭਾਰਤ ਰਾਸ਼ਟਰਾ ਸਮਿਤੀ ਦੀ ਆਗੂ ਕਵਿਤਾ ਦੀ ਗ੍ਰਿਫਤਾਰੀ ਨਾਲ ਵੀ ਜੁੜਿਆ ਹੈ। ਈਡੀ ਦੀ ਜਾਂਚ ਵਿਚ ਖੁਲਾਸਾ ਕੀਤਾ ਗਿਆ ਹੈ ਕਿ ਕੁਮਾਰੀ ਕਵਿਤਾ ਨੇ ਦਿੱਲੀ ਵਿਚ ਸ਼ਰਾਬ ਕਾਰੋਬਾਰ ਲਈ ਸਾਊਥ ਗਰੁੱਪ ਨੂੰ ਜੋੜਦਿਆਂ 100 ਕਰੋੜ ਦੀ ਰਿਸ਼ਵਤ ਵਿਚ ਵਿਚੋਲਗਿਰੀ ਕੀਤੀ ਹੈ ਜਦੋਂਕਿ ਆਪ ਆਗੂਆਂ ਵਲੋਂ ਇਹਨਾਂ ਦੋਸ਼ਾਂ ਨੂੰ ਝੂਠ ਦਾ ਪੁਲੰਦਾ ਕਰਾਰ ਦਿੱਤਾ ਜਾ ਰਿਹਾ ਹੈ।

ਬਿਨਾਂ ਸ਼ੱਕ ਮੁੱਖ ਮੰਤਰੀ ਕੇਜਰੀਵਾਲ ਦੀ ਈਡੀ ਕਾਰਵਾਈ ਨੂੰ ਭਾਜਪਾ ਹਾਈਕਮਾਨ ਦੀ ਸਾਜਿਸ਼ ਅਤੇ ਉਹਨਾਂ ਨੂੰ ਫਸਾਉਣ ਲਈ ਕੇਂਦਰੀ ਏਜੰਸੀਆਂ ਦੀ ਨਾਜਾਇਜ ਵਰਤੋਂ ਗਰਦਾਨਦੇ ਆ ਰਹੇ ਹਨ ਪਰ ਇਸਦੇ ਬਾਵਜੂਦ ਈਡੀ ਵਲੋਂ ਲਗਾਤਾਰ ਸੰਮਨ ਅਤੇ ਫਿਰ ਅਦਾਲਤ ਦੇ ਦਖਲ ਉਪਰੰਤ ਕੇਜਰੀਵਾਲ ਦੀ ਗ੍ਰਿਫਤਾਰੀ ਨੂੰ ਇਕਪਾਸੜ ਕਾਰਵਾਈ ਕਹਿਣਾ ਮੁਸ਼ਕਲ ਹੈ। ਸਮਝਣਾ ਬਣਦਾ ਹੈ ਕਿ ਆਖਰ ਦਿੱਲੀ ਵਿਚ ਆਪ ਸਰਕਾਰ ਦੀ ਨਵੀਂ ਆਬਕਾਰੀ ਨੀਤੀ ਵਿਚ ਅਜਿਹਾ ਕੀ ਸੀ ਜਿਸ ਉਪਰ ਹੇਰਾਫੇਰੀ ਤੇ ਘੁਟਾਲੇ ਦੇ ਇਲਜਾਮ ਲੱਗੇ ਤੇ ਫਿਰ ਸਰਕਾਰ ਨੂੰ ਆਪਣੀ ਇਸ ਨੀਤੀ ਨੂੰ ਵਾਪਿਸ ਲੈਣ ਲਈ ਮਜ਼ਬੂਰ ਹੋਣਾ ਪਿਆ। ਦਿੱਲੀ ਸਰਕਾਰ ਵਲੋ ਨਵੀ ਆਬਾਕਾਰੀ ਨੀਤੀ ਨਵੰਬਰ 2021 ਵਿਚ ਲਿਆਂਦੀ ਗਈ ਸੀ ਜਿਸ ਤਹਿਤ ਦਿੱਲੀ ਸਰਕਾਰ ਨੇ ਸ਼ਰਾਬ ਦੀ ਪ੍ਰਚੂਨ ਵਿਕਰੀ ਨੂੰ ਨਿੱਜੀ ਹੱਥਾਂ ਵਿਚ ਦੇਣ ਦਾ ਫੈਸਲਾ ਕੀਤਾ ਸੀ। ਖੁੱਲੀ ਬੋਲੀ ਰਾਹੀਂ ਸਰਕਾਰ ਦੇ ਕੁਲ 864 ਸਟੋਰਾਂ ਵਿਚੋਂ 849 ਸਟੋਰ ਪ੍ਰਾਈਵੇਟ ਵਪਾਰੀਆਂ ਨੂੰ ਸੌਂਪ ਦਿੱਤੇ ਗਏ। ਸਰਕਾਰ ਨੇ ਸ਼ਰਾਬ ਦੀ ਵਿਕਰੀ ਪ੍ਰਾਈਵੇਟ ਹੱਥਾਂ ਵਿਚ ਦੇਣ ਦੇ ਨਾਲ ਘੱਟੋ ਘੱਟ ਵਿਕਰੀ ਕੀਮਤ ਉਪਰ ਡਿਸਕਾਉਂਟ ਦੇਣ, ਸਟੋਰ ਤੜਕੇ 3 ਵਜੇ ਤੱਕ ਖੋਹਲਣ, ਘਰ ਘਰ ਡਲਿਵਰੀ ਦੇਣ ਅਤੇ 12 ਪ੍ਰਤੀਸ਼ਤ ਤੱਕ ਕਮਿਸ਼ਨ ਵਧਾਉਣ ਦੀਆਂ ਸਹੂਲਤਾਂ ਵੀ ਦਿੱਤੀਆਂ। ਇਥੋਂ ਤੱਕ ਕਿ



ਪਾਬੰਦੀਸ਼ੁਦਾ ਇਲਾਕਿਆਂ ਵਿਚ ਵੀ ਸ਼ਰਾਬ ਦੇ ਠੇਕੇ ਖੋਹਲਣ ਦੀ ਇਜਾਜਤ ਦੇ ਦਿੱਤੀ ਗਈ। ਦਾਅਵਾ ਕੀਤਾ ਗਿਆ ਕਿ ਸਰਕਾਰ ਦੀ ਨਵੀਂ ਨੀਤੀ ਨਾਲ 27 ਪ੍ਰਤੀਸ਼ਤ ਆਮਦਨ ਵਿਚ ਵਾਧਾ ਹੋਇਆ ਪਰ ਇਸ ਦੌਰਾਨ ਦਿੱਲੀ ਦੇ ਤਤਕਾਲੀ ਮੁੱਖ ਸਕੱਤਰ ਨਰੇਸ਼ ਕੁਮਾਰ ਨੇ ਨਵੀ ਸ਼ਰਾਬ ਨੀਤੀ ਵਿਚ ਬੇਨਿਯਮੀਆਂ ਦੀ ਬਦਬੂ ਭਾਂਪਦਿਆਂ ਉਪ ਰਾਜਪਾਲ ਵੀ ਕੇ ਸੈਕਸੈਨਾ ਕੋਲ ਇਸਦੀ ਸ਼ਿਕਾਇਤ ਕੀਤੀ। ਉਹਨੀਂ ਦਿਨੀਂ ਪ੍ਰਸ਼ਾਸਨ ਦੇ ਮੁੱਦੇ ਤੇ ਮੁੱਖ ਮੰਤਰੀ ਤੇ ਉਪ ਰਾਜਪਾਲ ਦੀ ਅਣਬਣ ਦੇ ਚਲਦਿਆਂ ਉਪ ਰਾਜਪਾਲ ਨੇ ਇਸ ਮਾਮਲੇ ਦੀ ਜਾਂਚ ਸੀ ਬੀ ਆਈ ਨੂੰ ਸੌਂਪ ਦਿੱਤੀ। ਸੀਬੀਆਈ ਦੀ ਜਾਂਚ ਰਿਪੋਰਟ ਵਿਚ ਨਵੀ ਨੀਤੀ ਵਿਚ ਬੇਨਿਯਮੀਆਂ ਤੇ ਘੁਟਾਲੇ ਦੇ ਦੋਸ਼ ਸਾਹਮਣੇ ਆਉਣ ਤੇ ਵੱਡਾ ਖੁਲਾਸਾ ਇਹ ਹੋਇਆ ਹੈ ਕਿ ਕਰ ਤੇ ਆਬਕਾਰੀ ਮੰਤਰੀ ਨੇ ਪ੍ਰਾਈਵੇਟ ਬੋਲੀਕਾਰਾਂ ਦੀ ਲਗਪਗ 144 ਕਰੋੜ ਦੇ ਕਰੀਬ ਲਾਇਸੰਸ ਫੀਸ ਹੀ ਮੁਆਫ ਕਰ ਛੱਡੀ ਹੈ। ਪ੍ਰਤੀ ਬੀਅਰ ਦੇ ਕੇਸ ਪਿੱਛੇ 50 ਰੁਪਏ ਦੀ ਛੋਟ ਵੀ ਵੱਖਰੀ ਦਿੱਤੀ ਗਈ। 12 ਪ੍ਰਤੀਸ਼ਤ ਕਮਿਸ਼ਨ ਚੋਂ 6 ਪ੍ਰਤੀਸ਼ਤ ਕਮਿਸ਼ਨ ਦੀ ਰਿਸ਼ਵਤ ਦੇ ਰੂਪ ਵਿਚ ਕਟੌਤੀ ਨਾਲ ਸ਼ਰਾਬ ਨੀਤੀ ਵਿਚ ਘੁਟਾਲੇ ਦਾ ਰੌਲਾ ਰੱਪਾ ਪੈਣ ਦੇ ਵਿਚਾਲੇ ਹੀ 29 ਜੁਲਾਈ 2022 ਨੂੰ ਸਰਕਾਰ ਨੂੰ ਕਰੋੜਾਂ ਦਾ ਫਾਇਦਾ ਪਹੁੰਚਾਉਣ ਵਾਲੀ ਪਰਚਾਰੀ ਗਈ ਨੀਤੀ ਨੂੰ ਵਾਪਿਸ ਲੈ ਲਿਆ ਗਿਆ। ਪਰ ਭਾਜਪਾ ਤੇ ਕੇਂਦਰ ਸਰਕਾਰ ਨਾਲ ਨਿੱਤ ਇਟ ਖੜਿਕਾ ਲੈਣ ਵਾਲੀ ਕੇਜਰੀਵਾਲ ਸਰਕਾਰ ਦਾ ਆਬਕਾਰੀ ਨੀਤੀ ਵਾਪਿਸ ਲੈਣ ਨਾਲ ਛੁਟਕਾਰਾ ਸ਼ਾਇਦ ਸੰਭਵ ਨਹੀ ਸੀ। ਈਡੀ ਦੀ ਜਾਂਚ ਰਿਪੋਰਟ ਵਿਚ ਦੋਸ਼ ਹਨ ਕਿ ਇਸ ਨਵੀਂ ਆਬਕਾਰੀ ਨੀਤੀ ਵਿਚ ਘੁਟਾਲੇ ਦਾ ਅਸਲ ਸਰਗਣਾ ਮੁੱਖ ਮੰਤਰੀ ਖੁਦ ਹੈ। ਰਿਸ਼ਵਤ ਦੇ ਰੂਪ ਵਿਚ ਲਏ ਗਏ ਕਰੋੜਾਂ ਰੁਪਏ ਚੋਂ ਪੰਜਾਬ ਅਤੇ ਗੋਆ ਦੀਆਂ ਚੋਣਾਂ ਵਿਚ ਵਰਤੇ ਜਾਣ ਦੇ ਵੀ ਦੋਸ਼ ਹਨ। ਭਾਵੇਂਕਿ ਮੁੱਖ ਮੰਤਰੀ ਕੇਜਰੀਵਾਲ ਦੇ ਵਕੀਲ ਸਿੰਘਵੀ ਦਾ ਕਹਿਣਾ ਹੈ ਕਿ ਉਸਦੇ ਮੁਅੱਕਲ ਦੇ ਖਿਲਾਫ ਈਡੀ ਕੋਲ ਕੋਈ ਸਬੂਤ ਨਹੀ ਕੇਵਲ ਜਬਰੀ ਬਣਾਏ ਗਵਾਹਾਂ ਦੇ ਬਿਆਨਾਂ ਨੂੰ ਹੀ ਆਧਾਰ ਬਣਾਇਆ ਜਾ ਰਿਹਾ ਹੈ।

ਈਡੀ ਵਲੋਂ ਪ੍ਰਾਪਤ ਕੀਤੇ 6 ਦਿਨਾਂ ਦੇ ਰਿਮਾਂਡ ਉਪਰੰਤ ਕੀ ਖੁਲਾਸਾ ਹੋਣ ਵਾਲਾ ਹੈ ਕੁਝ ਕਹਿਣਾ ਮੁਸ਼ਕਲ ਹੈ ਪਰ ਦੇਸ ਕੌਮ ਦੀ ਸੇਵਾ ਨੂੰ ਸਮਰਪਿਤ ਹੋਣ ਦਾ ਦਾਅਵਾ ਕਰਨ ਵਾਲੇ ਆਗੂ ਵਲੋਂ ਇਹ ਬਿਆਨ ਦੇਣਾ ਕਿ ਉਹ ਆਪਣੇ ਅਹੁਦੇ ਤੋਂ ਅਸਤੀਫਾ ਨਹੀ ਦੇਣਗੇ। ਜੇਲ ਦੇ ਅੰਦਰੋ ਵੀ ਸਰਕਾਰ ਚਲਾ ਸਕਦੇ ਹਨ, ਆਮ ਵਿਅਕਤੀ ਨੂੰ ਪ੍ਰਭਾਵਿਤ ਕਰਨ ਵਾਲੇ ਨਹੀਂ। ਉਹਨਾਂ ਦੀ ਆਬਕਾਰੀ ਨੀਤੀ ਘੁਟਾਲੇ ਵਿਚ ਕੋਈ ਭੂਮਿਕਾ ਹੈ ਜਾਂ ਨਹੀਂ ? ਉਹਨਾਂ ਖਿਲਾਫ ਸਰਕਾਰ ਨੇ ਕੋਈ ਸਾਜਿਸ਼ ਰਚੀ ਹੈ ਜਾਂ ਨਹੀ ? ਇਹਨਾਂ ਸਵਾਲਾਂ ਦੇ ਸੱਚ ਝੂਠ ਤੋਂ ਵਡੇਰਾ ਇਹ ਹੈ ਕਿ ਦੇਸ਼ ਦੀ ਰਾਜਨੀਤੀ ਨੂੰ ਬਦਲਣ ਅਤੇ ਕੱਟੜ ਇਮਾਨਦਾਰ ਹੋਣ ਦੇ ਦਾਅਵੇ ਕਰਨ ਵਾਲੇ ਆਗੂ ਵਲੋਂ ਕੁਰਸੀ ਨਾਲ ਚਿਪਕੇ ਰਹਿਣਾ ਜ਼ਰੂਰੀ ਹੈ ਜਾਂ ਅਸਤੀਫਾ ਦੇਕੇ ਲੋਕ ਅਦਾਲਤ ਵਿਚ ਜਾਣਾ ਜਿਆਦਾ ਉਚਿਤ ?

ਕੇਜਰੀਵਾਲ ਦੀ ਗ੍ਰਿਫਤਾਰੀ ਪਿਛੋਂ ਆਪ ਦੇ ਨੰਬਰ ਵੰਨ ਆਗੂ ਵਜੋਂ 'ਦਹਾੜਦੇ' ਹੋਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਕਹਿਣਾ ਹੈ ਕਿ ਕੇਜਰੀਵਾਲ ਇਕ ਨਾਮ ਨਹੀ, ਇਕ ਸੋਚ ਹੈ, ਜੋ ਅਗਲੇ ਦਿਨਾਂ ਵਿਚ ਦੇਸ਼ ਦੇ ਵੱਡੇ ਆਗੂ ਵਜੋਂ ਸਾਹਮਣੇ ਆਉਣਗੇ। ਪਰ ਈਡੀ ਹਿਰਾਸਤ ਵਿਚ ਘਿਰੇ ਆਗੂ ਦੇ ਡਰੇ ਹੋਏ ਚਿਹਰੇ ਦੀਆਂ ਤਸਵੀਰਾਂ ਕੁਝ ਹੋਰ ਹੀ ਬਿਆਨ ਕਰਦੀਆਂ ਲੱਗਦੀਆਂ ਹਨ....

ਉਂਜ ਖਬਰ ਇਹ ਵੀ ਹੈ ਕਿ ਆਬਕਾਰੀ ਘੁਟਾਲੇ ਵਿਚ ਸ਼ਾਮਿਲ ਹੈਦਰਾਬਾਦ ਦੀ ਅਰਬਿੰਦੋ ਫਾਰਮਾ ਕੰਪਨੀ ਨੇ 30 ਕਰੋੜ ਦੇ ਚੋਣ ਬਾਂਡ ਭਾਜਪਾ ਦੀ ਝੋਲੀ ਪਾਏ ਹਨ।


ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।

FAST ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।

heartandstroke.ca/punjabi

Heart &Stroke™

BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / Icon on its own and the heart and / Icon followed by another icon or words are trademarks of the Heart and Stroke Foundation of Canada.




REAL ESTATE BUY & SELL
KULWANT ATWAL
604-716-2135

MORTGAGES 1st, 2nd or Private
BHAJAN ATWAL
604-773-8426

BUILD WITH WARRANTY
BUILD, SUPPORT & ADVICE TEAM WORK
604-773-8426
604-594-7592



Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:



amex A Mark of EXcellence

CENTUM

You Will Save Thousands Thousands Dollars

Buy With Us: Get Full Support
Sell With Us: Save Money
Build With Us: Warranty & Support

"Pre-Register Your House To Sell & Save Thousands Dollars & Guaranteed Sold"

RESIDENTIAL
CONSTRUCTION
COMMERCIAL
NEW IMMIGRANTS
SELF EMPLOYED

PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply

Real Estate, Mortgage, Build & Warranty, Private Mortgages
604-716-2135 604-773-8426

# ਇਜ਼ਰਾਈਲ ਅਤੇ ਹਮਾਸ 'ਤੇ ਗਾਜ਼ਾ ਵਿਚ ਜੰਗਬੰਦੀ ਲਈ ਕੌਮਾਂਤਰੀ ਦਬਾਅ ਵਧਿਆ

## ਇਜ਼ਰਾਈਲ ਤੇ ਹਮਾਸ ਨੇ ਸਾਲਸੀ ਦੇ ਯਤਨ ਨਕਾਰੇ

ਰਫਾਹ-ਹਮਾਸ ਨੇ ਜੰਗਬੰਦੀ ਅਤੇ ਬੰਧਕਾਂ ਦੀ ਰਿਹਾਈ ਲਈ ਕੌਮਾਂਤਰੀ ਸਾਲਸ ਵਲੋਂ ਪੇਸ਼ ਕੀਤੇ ਗਏ ਹਾਲੀਆ ਪ੍ਰਸਤਾਵ ਨੂੰ ਰੱਦ ਕਰ ਦਿੱਤਾ ਹੈ। ਦੂਜੇ ਪਾਸੇ ਇਜ਼ਰਾਈਲ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਦੇ ਉਸ ਮਤੇ ਦਾ ਵਿਰੋਧ ਕੀਤਾ ਹੈ ਜਿਹੜਾ ਦੋਵਾਂ ਨੂੰ ਸੰਪਰਕ ਕੀਤੇ ਬਿਨਾਂ ਪਾਸ ਕੀਤਾ ਗਿਆ ਸੀ। ਗਾਜ਼ਾ ਵਿਚ ਛੈ ਮਹੀਨੇ ਤੋਂ ਜੰਗ ਚਲ ਰਹੀ ਹੈ ਤੇ ਦੋਵਾਂ ਨੇ ਖ਼ੂਨ ਖਰਾਬੇ ਨੂੰ ਰੋਕਣ ਲਈ ਕੀਤੇ ਗਏ ਯਤਨਾਂ ਨੂੰ ਨਕਾਰਿਆ ਹੈ। ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕਿਹਾ ਹੈ ਕਿ ਇਜ਼ਰਾਈਲ ਹਮਾਸ ਨੂੰ ਖਤਮ ਕਰਨ ਤੇ ਕਈ ਬੰਧਕਾਂ ਦੀ ਰਿਹਾਅ ਕਰਵਾ ਸਕਦਾ ਹੈ ਜੇ ਉਹ ਰਫਾਹ ਦੇ ਦੱਖਣੀ ਸ਼ਹਿਰ ਵਿਚ ਆਪਣੇ ਜ਼ਮੀਨੀ ਹਮਲੇ ਵਧਾਉਂਦਾ ਹੈ। ਰਫਾਹ ਵਿਚ ਅੱਧੀ ਤੋਂ ਵੱਧ ਆਬਾਦੀ ਨੇ ਰਾਹਤ ਕੈਂਪਾਂ ਵਿਚ ਪਨਾਹ ਲਈ ਹੋਈ ਹੈ। ਦੂਜੇ ਪਾਸੇ ਹਮਾਸ ਨੇ ਕਿਹਾ ਹੈ ਕਿ ਜਦੋਂ ਤਕ ਇਜ਼ਰਾਈਲ ਜੰਗਬੰਦੀ ਲਈ ਸਹਿਮਤ ਨਹੀਂ ਹੁੰਦਾ, ਗਾਜ਼ਾ ਤੋਂ ਆਪਣੀ ਫੌਜ ਵਾਪਸ ਨਹੀਂ ਸੱਦਦਾ ਤੇ ਫਲਸਤੀਨੀ ਕੈਦੀਆਂ ਨੂੰ ਰਿਹਾਅ ਨਹੀਂ ਕਰਦਾ ਉਹ ਤਦ ਤਕ ਬੰਧਕਾਂ ਨੂੰ ਰਿਹਾਅ ਨਹੀਂ ਕਰੇਗਾ। ਇਸ ਜੰਗ ਵਿਚ ਹੁਣ ਤਕ 32 ਹਜ਼ਾਰ ਤੋਂ ਵੱਧ ਫਲਸਤੀਨੀ ਮਾਰੇ ਗਏ ਹਨ ਤੇ ਗਾਜ਼ਾ ਪੱਟੀ ਦੇ ਜ਼ਿਆਦਾਤਰ ਹਿੱਸੇ ਨੁਕਸਾਨੇ ਗਏ ਹਨ।



## 'ਆਪ' ਵੱਲੋਂ ਸੁਸ਼ੀਲ ਕੁਮਾਰ ਰਿੰਕੂ ਤੇ ਸ਼ੀਤਲ ਅੰਗੂਰਾਲ ਗੱਦਾਰ ਕਰਾਰ

### ਜਲੰਧਰ ਦੇ ਲੋਕ ਗੱਦਾਰ ਦਾ ਸਾਥ ਨਹੀਂ ਦੇਣਗੇ-ਮਾਨ

ਚੰਡੀਗੜ੍ਹ-ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਜਲੰਧਰ ਲੋਕ ਸਭਾ ਹਲਕੇ ਤੋਂ ਉਮੀਦਵਾਰ ਐਲਾਨੇ ਸੁਸ਼ੀਲ ਕੁਮਾਰ ਰਿੰਕੂ ਤੇ ਵਿਧਾਇਕ ਸ਼ੀਤਲ ਅੰਗੁਰਾਲ ਨੂੰ ਭਾਜਪਾ ਵਿੱਚ ਸ਼ਾਮਲ ਹੋਣ 'ਤੇ ਗੱਦਾਰ ਕਰਾਰ ਦਿੱਤਾ ਹੈ। 'ਆਪ' ਨੇ ਕਿਹਾ ਕਿ ਦੋਵਾਂ ਆਗੂਆਂ ਨੂੰ ਲੋਕਾਂ ਨੇ ਇਸ ਲਈ ਚੁਣਿਆ ਸੀ ਕਿਉਂਕਿ ਉਹ 'ਆਪ' ਦੀਆਂ ਟਿਕਟਾਂ 'ਤੇ ਚੋਣ ਮੈਦਾਨ ਵਿੱਚ ਉਤਰੇ ਸਨ, ਪਰ ਹੁਣ ਉਹ ਜਲੰਧਰ ਦੇ ਲੋਕਾਂ ਅਤੇ ਉਨ੍ਹਾਂ ਦੇ ਭਰੋਸੇ ਨਾਲ ਧੋਖਾ ਕਰ ਰਹੇ ਹਨ। 'ਆਪ' ਪੰਜਾਬ ਦੇ ਪ੍ਰਧਾਨ ਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਐਕਸ 'ਤੇ ਕਿਹਾ ਕਿ 'ਆਪਣੇ ਵੱਲੋਂ ਤਾਂ ਦਰਿਆ ਵੱਡੇ ਘਰ ਜਾਂਦਾ ਹੈ ਪਰ ਵਿੱਚ ਸਮੁੰਦਰ ਜਾ ਕੇ ਓਹ ਮਰ ਜਾਂਦਾ ਹੈ, ਗਰਦਨ ਸਿੱਧੀ ਰੱਖਣ ਦਾ ਮੁੱਲ ਤਾਰ ਰਹੇ ਹਾਂ, ਬੇਸ਼ਰਮਾਂ ਦਾ ਤਾਂ ਨੀਵੀਂ ਪਾ ਕੇ ਵੀ ਸਰ ਜਾਂਦਾ ਹੈ'। ਉਨ੍ਹਾਂ ਕਿਹਾ ਕਿ ਉਹ ਪੰਜਾਬ ਦੀ ਗਰਦਨ ਮਾਣ ਨਾਲ ਹਮੇਸ਼ਾ ਉੱਚੀ ਰੱਖਣਗੇ। ਉਨ੍ਹਾਂ ਨੇ 'ਆਪ' ਛੱਡ ਕੇ ਵੱਡੀ ਸਿਆਸੀ ਪਾਰਟੀ 'ਚ ਸ਼ਾਮਲ ਹੋਣ ਵਾਲੇ ਆਗੂਆਂ 'ਤੇ ਤਨਜ਼ ਕੱਸਦਿਆਂ ਕਿਹਾ ਕਿ ਅਸੀਂ ਪੰਜਾਬ ਦੀ ਆਨ ਤੇ ਸ਼ਾਨ ਦੀ ਰਾਖੀ ਲਈ ਹਮੇਸ਼ਾ ਵਚਨਬੱਧ ਹਨ। ਸ੍ਰੀ ਮਾਨ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਕਦੇ ਵੀ ਕਿਸੇ ਗੱਦਾਰ ਦਾ ਸਾਥ ਨਹੀਂ ਦਿੱਤਾ ਅਤੇ ਪੰਜਾਬ ਦੇ ਲੋਕ ਅਗਾਮੀ ਲੋਕ ਸਭਾ ਚੋਣਾਂ ਵਿੱਚ ਵੀ 'ਆਪ' ਨੂੰ ਵੋਟ ਪਾ ਕੇ ਕਾਮਯਾਬ ਕਰਨਗੇ।

## ਭਾਰਤ ਵੱਲੋਂ ਭੂਟਾਨ ਨੂੰ ਵਿਕਾਸ ਪ੍ਰਾਜੈਕਟ ਲਈ 500 ਕਰੋੜ ਰੁਪਏ ਜਾਰੀ

ਥਿੰਪੂ-ਭਾਰਤ ਨੇ ਗਿਆਲਸੁੰਗ ਪ੍ਰਾਜੈਕਟ ਨਾਲ ਸਬੰਧਤ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਭੂਟਾਨ ਨੂੰ 500 ਕਰੋੜ ਰੁਪਏ ਦੀ ਦੂਜੀ ਕਿਸ਼ਤ ਜਾਰੀ ਕੀਤੀ ਹੈ। ਇਹ ਕਿਸ਼ਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ 23 ਮਾਰਚ ਨੂੰ ਭੂਟਾਨ ਦੀ ਦੋ ਰੋਜ਼ਾ ਯਾਤਰਾ ਦੀ ਸਮਾਪਤੀ ਤੋਂ ਬਾਅਦ ਜਾਰੀ ਕੀਤੀ ਗਈ ਹੈ ਜਿਸ ਦੌਰਾਨ ਉਨ੍ਹਾਂ ਥਿੰਪੂ ਨੂੰ ਵਿਕਾਸ ਕਾਰਜਾਂ ਵਿੱਚ ਨਵੀਂ ਦਿੱਲੀ ਦੀ ਹਮਾਇਤ ਦਾ ਭਰੋਸਾ ਦਿੱਤਾ ਸੀ ਅਤੇ ਅਗਲੇ ਪੰਜ ਸਾਲਾਂ ਦੌਰਾਨ ਭੂਟਾਨ ਨੂੰ 10 ਹਜ਼ਾਰ ਕਰੋੜ ਰੁਪਏ ਦੇਣ 'ਤੇ ਸਹਿਮਤੀ ਜ਼ਾਹਿਰ ਕੀਤੀ ਸੀ। ਇਹ ਦੂਜੀ ਕਿਸ਼ਤ ਭੂਟਾਨ 'ਚ ਭਾਰਤੀ ਰਾਜਦੂਤ ਸੁਧਾਕਰ ਦਲੇਲਾ ਨੇ ਭੂਟਾਨ ਦੇ ਵਿਦੇਸ਼ ਮੰਤਰੀ ਲਿਓਨਪੋ ਡੀਐੱਨ ਧੁੰਗਯੇਲ ਨੂੰ ਸੌਂਪੀ। ਭਾਰਤੀ ਅੰਬੈਸੀ ਨੇ ਕਿਹਾ, 'ਭਾਰਤ ਨੂੰ ਭੂਟਾਨ ਨਰੇਸ਼ ਦੀ ਇਤਿਹਾਸਕ ਪਹਿਲ 'ਤੇ ਭੂਟਾਨ ਨਾਲ ਭਾਈਵਾਲੀ ਕਰਨ ਦਾ ਮੌਕਾ ਮਿਲਿਆ ਹੈ ਜੋ ਨੌਜਵਾਨਾਂ ਤੇ ਹੁਨਰ ਨੂੰ ਰਾਸ਼ਟਰ ਨਿਰਮਾਣ ਦੀਆਂ ਕੋਸ਼ਿਸ਼ਾਂ ਦੇ ਕੇਂਦਰ 'ਚ ਰੱਖਦੀ ਹੈ।'

## ਰੂਸ ਦੀ ਜੇਲ੍ਹ ਵਿੱਚ ਜੂਨ ਤੱਕ ਰਹੇਗਾ ਅਮਰੀਕੀ ਪੱਤਰਕਾਰ

ਮਾਸਕੋ-ਮਾਸਕੋ ਦੀ ਅਦਾਲਤ ਨੇ ਜਾਸੂਸੀ ਦੇ ਦੋਸ਼ ਹੇਠ ਗ੍ਰਿਫ਼ਤਾਰ 'ਵਾਲ ਸਟਰੀਟ ਜਨਰਲ' ਅਖ਼ਬਾਰ ਦੇ ਪੱਤਰਕਾਰ ਇਵਾਨ ਗੇਰਸ਼ਕੋਵਿਚ ਨੂੰ ਰਾਹਤ ਨਹੀਂ ਦਿੱਤੀ। ਉਹ ਘੱਟੋ ਘੱਟ ਜੂਨ ਮਹੀਨੇ ਤੱਕ ਜੇਲ੍ਹ ਵਿੱਚ ਬੰਦ ਰਹੇਗਾ। ਅਦਾਲਤ ਦੇ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਅਮਰੀਕਾ ਦੇ 32 ਸਾਲਾ ਨਾਗਰਿਕ ਨੂੰ ਰਿਪੋਰਟਿੰਗ ਦੌਰਾਨ ਪਿਛਲੇ ਸਾਲ ਮਾਰਚ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਉਹ ਲਗਪਗ ਇੱਕ ਸਾਲ ਤੋਂ ਜੇਲ੍ਹ ਦੀਆਂ ਸਲਾਖਾਂ ਪਿੱਛੇ ਹੈ। ਉਸ ਦੀ ਗ੍ਰਿਫ਼ਤਾਰੀ ਹੁਣ 30 ਜੂਨ ਤੱਕ ਵਧਾ ਦਿੱਤੀ ਗਈ ਹੈ। ਹਾਲਾਂਕਿ, ਗੇਰਸ਼ਕੋਵਿਚ ਅਤੇ ਉਸ ਦੇ ਅਖ਼ਬਾਰ ਨੇ ਇਨ੍ਹਾਂ ਦੋਸ਼ਾਂ ਦਾ ਖੰਡਨ ਕੀਤਾ ਹੈ। ਅਮਰੀਕੀ ਸਰਕਾਰ ਨੇ ਵੀ ਉਸ ਨੂੰ ਗ਼ਲਤ ਢੰਗ ਨਾਲ ਹਿਰਾਸਤ ਵਿੱਚ ਲੈਣਾ ਕਰਾਰ ਦਿੱਤਾ ਹੈ। ਯੇਕਤੇਰਿਨਬਰਗ ਸ਼ਹਿਰ ਵਿੱਚ ਉਸ ਦੀ ਗ੍ਰਿਫ਼ਤਾਰੀ ਕਾਰਨ ਰੂਸ ਵਿੱਚ ਪੱਤਰਕਾਰ ਪ੍ਰੇਸ਼ਾਨ ਹਨ। ਅਧਿਕਾਰੀਆਂ ਨੇ ਉਸ 'ਤੇ ਲਾਏ ਗਏ ਦੋਸ਼ਾਂ ਸਬੰਧੀ ਸਬੂਤਾਂ ਬਾਰੇ ਵੇਰਵੇ ਨਹੀਂ ਦਿੱਤੇ ਹਨ। ਗੇਰਸ਼ਕੋਵਿਚ ਨੂੰ ਮਾਸਕੋ ਦੀ ਲੈਫੋਰਟੋਵੋ ਜੇਲ੍ਹ ਵਿੱਚ ਰੱਖਿਆ ਗਿਆ ਹੈ, ਜੋ ਕਾਫ਼ੀ ਬਦਨਾਮ ਹੈ।

## ਟਰੂਡੋ ਨੇ ਕਿਰਾਏਦਾਰਾਂ ਦੇ ਹੱਕ ਵਿਚ ਕੀਤਾ ਵੱਡਾ ਐਲਾਨ

ਸਫ਼ਾ 1 ਦੀ ਬਾਕੀ

ਕਿਰਾਏਦਾਰਾਂ ਦੇ ਅਧਿਕਾਰਾਂ ਦੀ ਵਕਾਲਤ ਕਰਨ ਵਾਲੇ ਪਿਛਲੇ ਲੰਮੇ ਸਮੇਂ ਤੋਂ ਕਿਰਾਏ ਦੀ ਰਜਿਸਟਰੀ ਦੇ ਸੰਕਲਪ ਦੀ ਵਜ਼ਾਹਤ ਕਰਦੇ ਆ ਰਹੇ ਹਨ ਤਾਂ ਜੋ ਕਿਰਾਏਦਾਰਾਂ ਨੂੰ ਇਹ ਦੇਖਣ ਦੀ ਇਜਾਜ਼ਤ ਹੋਵੇ ਹੈ ਕਿ ਨਵੀਂ ਦਰ ਨੂੰ ਸਵੀਕਾਰ ਕਰਨ ਤੋਂ ਪਹਿਲਾਂ ਪਿਛਲੇ ਕਿਰਾਏਦਾਰ ਨੇ ਯੂਨਿਟ ਲਈ ਕੀ ਭੁਗਤਾਨ ਕੀਤਾ ਹੈ। ਦੂਜੇ ਪਾਸੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿਚ ਮਕਾਨ ਮਾਲਕਾਂ ਦੇ ਪੱਖ ਵਿਚ ਪੈਰਵੀ ਕਰਦੇ ਆ ਰਹੇ 'ਲੈਂਡਲਾਰਡਜ਼ ਰਾਈਟਜ਼ ਐਸੋਸੀਏਸ਼ਨ ਆਫ ਬੀ.ਸੀ.' ਦੇ ਨੁਮਾਇੰਦੇ ਬਲਦੀਪ ਸਿੰਘ ਝੰਡ ਨੇ ਕਿਹਾ ਕਿ ਸਰਕਾਰ ਉਲਟੀ ਗੰਗਾ ਵਹਾਉਣ ਦਾ ਯਤਨ ਕਰ ਰਹੀ ਹੈ। ਉਹਨਾਂ ਕਿਹਾ ਕਿ ਕੈਨੇਡਾ ਵਿਚ ਕਿਰਾਏਦਾਰਾਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ ਅਤੇ ਸਰਕਾਰ ਘਰਾਂ ਦੀ ਕਮੀ ਨੂੰ ਪੂਰਾ ਕਰਨ ਲਈ ਕੋਈ ਠੋਸ ਨੀਤੀ ਤਿਆਰ ਕਰਨ ਦੀ ਬਜਾਇ ਉਨ ਤੋਂ




ਛਾਨਣੀ ਲਾਹੁਣ ਦਾ ਕੰਮ ਕਰ ਰਹੀ ਹੈ। ਐਸੋਸੀਏਸ਼ਨ ਵਲੋਂ ਤਿਆਰ ਕੀਤੀ ਗਈ ਇੱਕ ਪਟੀਸ਼ਨ ਉੱਪਰ ਹੁਣ ਤੱਕ ਤਕਰੀਬਨ 35 ਹਜ਼ਾਰ ਲੋਕਾਂ ਦੇ ਦਸਤਖ਼ਤ ਹੋ ਚੁੱਕੇ ਹਨ।


# ਓਸ਼ਨ ਵਿਊ ਫਿਸ਼ ਕੈਨਰੀ

## OCEAN VIEW FISH CANNERY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।




**604-594-0616**

# ਗੁੱਡ ਫਰਾਈਡੇਅ ’ਤੇ ਵਿਸ਼ੇਸ਼




ਸ਼ੈਲੀ ਅਲਬਰਟ

ਪਵਿੱਤਰ ਬਾਈਬਲ ਵਿੱਚ ਬਹੁਤ ਸਾਰੀਆਂ ਕੁਰਬਾਨੀਆਂ ਦਾ ਜ਼ਿਕਰ ਹੈ, ਪਰ ਪ੍ਰਭੂ ਯਿਸੂ ਮਸੀਹ ਦੀ ਕੁਰਬਾਨੀ ਨੂੰ ਹੀ ਸਰਵਸ਼੍ਰੇਸ਼ਟ ਮੰਨਿਆ ਗਿਆ ਹੈ ਕਿਉਂਕਿ ਪ੍ਰਭੂ ਯਿਸੂ ਮਸੀਹ ਦੇ ਦੁਨੀਆਂ ਵਿੱਚ ਮਨੁੱਖ ਦੇ ਰੂਪ ਵਿੱਚ ਆਉਣ, ਸਲੀਬੀ ਮੌਤ ਅਤੇ ਉਨ੍ਹਾਂ ਦਾ ਤੀਜੇ ਦਿਨ ਮੁੜ ਜੀ ਉੱਠਣਾ ਪ੍ਰਮੇਸ਼ਵਰ ਦੀ ਯੋਜਨਾ ਸੀ। ਪ੍ਰਭੂ ਯਿਸੂ ਮਸੀਹ ਬਾਰੇ ਪ੍ਰਮੇਸ਼ਵਰ ਨੇ ਆਪਣੇ ਭੇਜੇ ਹੋਏ ਨਬੀਆਂ ਜ਼ਰੀਏ ਉਨ੍ਹਾਂ ਦੀ ਜ਼ੁਬਾਨੀ ਹਜ਼ਾਰਾਂ ਸਾਲ ਪਹਿਲਾਂ ਹੀ ਭਵਿੱਖਬਾਣੀਆਂ ਕਰ ਦਿੱਤੀਆਂ ਸਨ ਜੋ ਪਵਿੱਤਰ ਬਾਈਬਲ ਦੇ ਪੁਰਾਣੇ ਅਹਿਦਨਾਮੇ ਵਿੱਚ ਦਰਜ ਹਨ। ਪਵਿੱਤਰ ਬਾਈਬਲ ਦਾ ਪੁਰਾਣਾ ਅਹਿਦਨਾਮਾ ਮਸੀਹ ਦੇ ਜਨਮ ਤੋਂ ਹਜ਼ਾਰਾਂ ਸਾਲ ਪਹਿਲਾਂ ਨਬੀਆਂ ਨੇ ਪ੍ਰਮੇਸ਼ਵਰ ਦੀ ਅਗਵਾਈ ਹੇਠ ਲਿਖਿਆ ਸੀ। ਪਵਿੱਤਰ ਬਾਈਬਲ ਅਨੁਸਾਰ ਪ੍ਰਮੇਸ਼ਵਰ ਆਪਣੇ ਨਬੀਆਂ ਨਾਲ ਸਿੱਧੀ ਗੱਲ ਕਰਦਾ ਸੀ। ਬਾਈਬਲ ਵਿੱਚ ਨਬੀਆਂ ਅਤੇ ਪ੍ਰਮੇਸ਼ਵਰ ਨੇ ਖ਼ੁਦ ਪ੍ਰਭੂ ਯਿਸੂ ਮਸੀਹ ਨੂੰ ਪ੍ਰਮੇਸ਼ਵਰ ਦਾ ਪੁੱਤਰ ਕਿਹਾ ਹੈ। ਯਹੂੰਨਾ ਨਬੀ ਨੇ ਆਪਣੀ ਪੋਥੀ ਵਿੱਚ ਲਿਖਿਆ ਹੈ ਕਿ ‘ਪ੍ਰਮੇਸ਼ਵਰ ਨੇ ਜਗਤ ਨਾਲ ਅਜਿਹਾ ਪਿਆਰ ਕੀਤਾ ਕਿ ਉਸ ਨੇ ਆਪਣਾ ਇਕਲੌਤਾ ਬੇਟਾ ਦੇ ਦਿੱਤਾ ਤਾਂ ਜੋ ਕੋਈ ਵੀ ਉਸ ’ਤੇ ਵਿਸ਼ਵਾਸ ਕਰੇ, ਹਲਾਕ ਨਾ ਹੋਵੇ ਬਲਕਿ ਹਮੇਸ਼ਾਂ ਦਾ ਜੀਵਨ ਪਾਏ।’ ਇਸ ਤੋਂ ਇਲਾਵਾ ਯਹੂੰਨਾ ਨਬੀ ਦੀ ਪੁਸਤਕ ਵਿੱਚ ਇਜ ਲਿਖਿਆ ਹੈ ਕਿ ‘ਤੇ ਸ਼ਬਦ ਦੇਹਧਾਰੀ ਹੋਇਆ ਅਤੇ ਕਿਰਪਾ ਅਤੇ ਸਚਿਆਈ ਨਾਲ ਭਰਪੂਰ ਹੋ ਕੇ ਸਾਡੇ ਵਿੱਚ ਵਾਸ ਕੀਤਾ ਅਤੇ ਅਸਾਂ ਉਸ ਦਾ ਤੇਜ ਪਿਤਾ ਦੇ ਇਕਲੌਤੇ ਪੁੱਤਰ ਵਰਗਾ ਡਿੱਠਾ।’ ਇੱਥੇ ‘ਸ਼ਬਦ’ ਪ੍ਰਭੂ ਯਿਸੂ ਮਸੀਹ ਲਈ ਵਰਤਿਆ ਗਿਆ ਹੈ, ਜਿਸ ਦਾ ਜ਼ਿਕਰ ਪਵਿੱਤਰ ਬਾਈਬਲ ਦੀ ਪਹਿਲੀ ਪੋਥੀ ਦੀ ਉਤਪਤੀ ਵਿੱਚ ਵੀ ਕੀਤਾ ਹੋਇਆ ਹੈ। ਯਹੂੰਨਾ ਨਬੀ ਵੱਲ ਜਦੋਂ ਪ੍ਰਭੂ ਯਿਸੂ ਮਸੀਹ ਆ ਰਿਹਾ ਸੀ ਤਾਂ ਯਹੂੰਨਾ ਨੇ ਕਿਹਾ ਕਿ ‘ਵੇਖੋ ਪ੍ਰਮੇਸ਼ਰ ਦਾ ਲੇਲਾ (ਅਰਥਾਤ ਪੁੱਤਰ) ਜਿਹੜਾ ਜਗਤ ਦੇ ਪਾਪ ਚੁੱਕ ਲੈ ਜਾਂਦਾ ਹੈ ਇਹ ਉਹ ਹੈ ਜਿਸ ਦੇ ਬਾਰੇ ਮੈਂ ਆਖਦਾ ਸਾਂ



ਕਿ ਮੇਰੇ ਮਗਰੋਂ ਇੱਕ ਪੁਰਖ ਆਉਂਦਾ ਹੈ ਜੋ ਮੈਥੋਂ ਵੱਡਾ ਬਣਿਆ ਕਿਉਂਕਿ ਉਹ ਮੈਥੋਂ ਪਹਿਲੋਂ ਸੀ।’ ਪ੍ਰਭੂ ਯਿਸੂ ਮਸੀਹ ਨੇ ਖ਼ੁਦ ਆਪਣੀ ਸਲੀਬੀ ਮੌਤ ਬਾਰੇ ਇੱਥੋਂ ਤਕ ਕਿ ਉਨ੍ਹਾਂ ਨੇ ਆਪਣੇ ਫੜਵਾਉਣ ਵਾਲੇ ਦਾ ਨਾਂ, ਜਿਹੜਾ ਕਿ ਉਨ੍ਹਾਂ ਦੇ 12 ਚੇਲਿਆਂ ਵਿੱਚੋਂ ਸੀ, ਚੇਲਿਆਂ ਨੂੰ ਦੱਸ ਦਿੱਤਾ ਸੀ। ਪ੍ਰਭੂ ਯਿਸੂ ਮਸੀਹ ਦਾ ਦੁਨੀਆਂ ’ਤੇ ਆਉਣ ਦਾ ਸਿਰਫ਼ ਇੱਕ ਹੀ ਮਕਸਦ ਪਾਪੀਆਂ ਨੂੰ ਉਨ੍ਹਾਂ ਦੇ ਪਾਪਾਂ ਤੋਂ ਮੁਕਤ ਕਰਨਾ ਸੀ। ਉਨ੍ਹਾਂ ਨੇ ਆਪਣੇ ਪਾਪ ਰਹਿਤ ਸਰੀਰ ਦੀ ਪਾਪੀਆਂ ਵਾਸਤੇ ਕੁਰਬਾਨੀ ਦੇ ਦਿੱਤੀ। ਉਹ ਜਿਹੜੇ ਆਪਣੇ ਪਾਪਾਂ ਨੂੰ ਮੰਨਦੇ ਹੋਏ ਇਹ ਸਵੀਕਾਰ ਕਰਦੇ ਹਨ ਕਿ ਪ੍ਰਭੂ ਯਿਸੂ ਮਸੀਹ ਨੇ ਉਨ੍ਹਾਂ ਦੇ ਪਾਪਾਂ ਦੇ ਬਦਲੇ ਵਿੱਚ ਪ੍ਰਮੇਸ਼ਵਰ ਦੇ ਖਾਤੇ ਵਿੱਚੋਂ ਪੂਰੀ ਅਦਾਇਗੀ ਕਰ ਦਿੱਤੀ ਹੈ। ਪ੍ਰਭੂ ਯਿਸੂ ਨੇ ਆਪਣੇ ਜੀਵਨ ਦੇ 30 ਸਾਲ ਆਪਣੇ ਮਾਤਾ-ਪਿਤਾ ਦੀ ਸੇਵਾ ਵਿੱਚ ਗੁਜ਼ਾਰੇ ਅਤੇ ਆਖ਼ਰੀ ਸਾਢੇ ਤਿੰਨ ਸਾਲ ਮਨੁੱਖਤਾ ਦੀ ਰੂਹਾਨੀ ਸੇਵਾ ਕੀਤੀ। ਯਿਸੂ ਨੇ ਜਿੱਥੇ ਮਨੁੱਖਤਾ ਨੂੰ ਪ੍ਰੇਮ, ਸ਼ਾਂਤੀ, ਆਪਸੀ ਭਾਈਚਾਰੇ ਅਤੇ ਪਾਪਾਂ ਤੋਂ ਤੌਬਾ ਕਰਨ ਦਾ ਸੰਦੇਸ਼ ਦਿੱਤਾ, ਉੱਥੇ ਊਚ-ਨੀਚ ਦਾ ਭੇਦ-ਭਾਵ ਖ਼ਤਮ ਕਰਦਿਆਂ ਬਹੁਤ ਸਾਰੇ ਰੋਗੀਆਂ ਨੂੰ ਤੰਦਰੁਸਤ ਕੀਤਾ। ਇੱਥੋਂ ਤਕ ਕਿ ਰੱਬੀ ਰੂਹਾਨੀ ਸ਼ਕਤੀ ਦੇ ਨਾਲ ਮੁਰਦਿਆਂ ਨੂੰ ਵੀ ਜ਼ਿੰਦਾ ਕੀਤਾ ਅਤੇ ਹੋਰ ਕਈ ਅਚੰਭਿਤ ਕਰਨ ਵਾਲੇ ਕੰਮ ਕੀਤੇ। ਪ੍ਰਭੂ ਯਿਸੂ ਮਸੀਹ ਨੇ ਦੁਨੀਆਂ ’ਤੇ ਆਉਣ ਵਾਲੀਆਂ ਅਗਾਮੀ ਔਕੜਾਂ ਬਾਰੇ ਮਨੁੱਖ ਨੂੰ ਸੁਚੇਤ ਕਰਦਿਆਂ ਪਾਪਾਂ ਤੋਂ ਤੌਬਾ ਕਰਕੇ ਸਵਰਗ ਦੇ ਰਾਜ ਲਈ ਤਿਆਰ ਹੋਣ ਦਾ ਸੱਦਾ ਦਿੱਤਾ। ਪਰ ਉਸ ਵੇਲੇ ਦੇ ਧਰਮ ਦੇ ਠੇਕੇਦਾਰਾਂ (ਫੱਕੀ ਫਰੀਸੀਆਂ) ਨੇ ਆਪਣੀ ਹੋਂਦ ਨੂੰ ਬਚਾਉਣ ਲਈ ਲੋਕਾਂ ਅਤੇ ਉਸ ਵੇਲੇ ਦੇ ਹਾਕਮਾਂ ਨੂੰ ਇਸ ਰੱਬੀ ਰੂਹ ਵਿਰੁੱਧ ਗੁੰਮਰਾਹ ਕਰਕੇ ਉਨ੍ਹਾਂ ਉੱਤੇ ਲਾਏ ਗ਼ਲਤ ਦੋਸ਼ਾਂ ਤਹਿਤ ਸਲੀਬੀ ਮੌਤ ਦੇਣ ਲਈ ਮਜਬੂਰ ਕਰ ਦਿੱਤਾ। ਪ੍ਰਭੂ ਯਿਸੂ ਮਸੀਹ ਨੇ ਆਪਣੇ ਪ੍ਰਾਣ ਤਿਆਗਣ ਤੋਂ ਪਹਿਲਾਂ ਇਹ ਕਹਿ ਕੇ ‘ਪੂਰਾ ਹੋਇਆ’ ਪ੍ਰਮੇਸ਼ਵਰ ਦੀ ਯੋਜਨਾ ਨੂੰ ਸਰਅੰਜਾਮ ਦਿੱਤਾ। ਜਦੋਂ ਪ੍ਰਭੂ ਯਿਸੂ ਮਸੀਹ ਨੇ ਸਲੀਬ ’ਤੇ ਆਪਣੇ ਪ੍ਰਾਣ ਤਿਆਗੇ ਤਾਂ ਹੈਕਲ ਦਾ ਪਰਦਾ ਫਟ ਗਿਆ ਅਤੇ ਸਾਰੀ ਦੁਨੀਆਂ ’ਤੇ ਹਨੇਰਾ ਛਾ ਗਿਆ ਤਾਂ ਸਲੀਬ ’ਤੇ ਚੜ੍ਹਾਉਣ ਵਾਲਿਆਂ ਨੇ ਉਦੋਂ ਮੰਨਿਆ ਕਿ ਯਿਸੂ ਤਾਂ ਵਾਕਈ ਧਰਮੀ ਮਨੁੱਖ ਤੇ ਪ੍ਰਮੇਸ਼ਵਰ ਦਾ ਪੁੱਤਰ ਸੀ। ਪ੍ਰਭੂ ਯਿਸੂ ਦਾ ਬਲੀਦਾਨ ਦਿਵਸ ‘ਗੁੱਡ ਫਰਾਈਡੇਅ’ ਦੇ ਤੌਰ ’ਤੇ ਸਾਰੀ ਦੁਨੀਆਂ ਦੇ ਮਸੀਹੀ ਵਿਸ਼ਵਾਸੀ ਬੜੀ ਸ਼ਰਧਾ ਨਾਲ ਮਨਾਉਂਦੇ ਹਨ। ਉਨ੍ਹਾਂ ਦੀ ਯਾਦ ਵਿੱਚ ਚਾਲੀ ਰੋਜ਼ੇ ਵੀ ਰੱਖਦੇ ਹਨ। ਮਸੀਹੀ ਵਿਸ਼ਵਾਸੀ ਤੇ ਹੋਰ ਉਨ੍ਹਾਂ ਦੇ ਨਾਮ ਲੇਵਾ ‘ਗੁੱਡ ਫਰਾਈਡੇਅ’ ਨੂੰ ਆਪਣੇ ਜੀਵਨ ਵਿੱਚ ਬਹੁਤ ਮਹੱਤਵ ਦਿੰਦੇ ਹਨ ਕਿਉਂਕਿ ਉਹ ਮੰਨਦੇ ਹਨ ਕਿ ਯਿਸੂ ਮਸੀਹ ਨੇ ਆਪਣਾ ਵਡਮੁੱਲਾ ਬਲੀਦਾਨ ਦੇ ਕੇ ਉਨ੍ਹਾਂ ਲਈ ਮੁਕਤੀ ਦਾ ਰਾਹ ਖੋਲ੍ਹ ਦਿੱਤਾ ਹੈ। ਇਸ ਦਿਨ ਵਿਸ਼ਵਭਰ ਵਿੱਚ ਮਸੀਹ ਵਿਸ਼ਵਾਸੀ ਰੋਜ਼ਾ ਰੱਖ ਕੇ ਗਿਰਜਾਘਰਾਂ ਵਿੱਚ ਕੀਤੀਆਂ ਜਾਂਦੀਆਂ ਸ਼ੋਕ ਸਭਾਵਾਂ ਵਿੱਚ ਸ਼ਾਮਲ ਹੁੰਦੇ ਹਨ। ਇਨ੍ਹਾਂ ਪ੍ਰਾਰਥਨਾ ਸਭਾਵਾਂ ਵਿੱਚ ਯਿਸੂ ਮਸੀਹ ਦੁਆਰਾ ਮਨੁੱਖਤਾ ਦੇ ਭਲੇ ਲਈ ਉਠਾਏ ਦੁੱਖਾਂ ਦਾ ਜ਼ਿਕਰ ਕੀਤਾ ਜਾਂਦਾ ਹੈ। ਸਾਨੂੰ ਇਸ ਪਵਿੱਤਰ ਦਿਨ ’ਤੇ ਪਾਪਾਂ ਤੋਂ ਤੌਬਾ ਕਰਨ ਦਾ ਪ੍ਰਣ ਲੈਣਾ ਚਾਹੀਦਾ ਹੈ।




WE HAVE MOVED TO BIGGER & BETTER LOCATION
#208-7110-120TH ST, SURREY

ICBC
NO WIN NO FEE
WE DO HOME & HOSPITAL VISITS

Your Lawyers, Because We Care

- Criminal Law
- Divorce Cases
- Immigration Law
- Notary Services

Singh Thind and Associates
BARRISTERS & SOLICITORS

#208 7110 120TH ST,
SURREY, BC V3W 3M8
Tel: 604.543.3886
Toll Free 1.866.543.3886

WWW.SINGHTHINDLAW.COM

# ਸਿੱਖ ਕਮਿਊਨਿਟੀ ਲਈ ਸਿੱਖਿਆ ਤੇ ਰੁਜ਼ਗਾਰ ਸੰਬੰਧੀ ਵਿਸ਼ਵ ਵਿਆਪੀ ਪਲੇਟਫਾਰਮ ਸਥਾਪਿਤ ਕਰਨ ਦੀ ਲੋੜ-ਡਾ. ਹਰਮੀਕ ਸਿੰਘ

## ਕੈਨੇਡੀਅਨ ਪੰਜਾਬੀਆਂ ਲਈ ਬਣੇਗਾ ਵੈਨਕੂਵਰ ਤੋਂ ਅੰਮ੍ਰਿਤਸਰ ਵਾਇਆ ਦੁਬਈ ਟੂਰਿਜ਼ਮ ਪ੍ਰੋਗਰਾਮ





ਸਰੀ (ਹਰਦਮ ਮਾਨ)-ਦੁਬਈ ਵਿੱਚ 'ਪਲੈਨ ਬੀ' ਗਰੁੱਪ ਦੇ ਸੰਸਥਾਪਕ ਤੇ ਮਾਲਕ ਅਤੇ ਦੁਬਈ ਦੇ ਵਪਾਰਕ ਤੇ ਸਮਾਜਿਕ ਖੇਤਰ ਦੀ ਮਾਨਯੋਗ ਸ਼ਖ਼ਸੀਅਤ ਡਾਕਟਰ ਹਰਮੀਕ ਸਿੰਘ ਬੀਤੇ ਦਿਨ ਵੈਨਕੂਵਰ ਆਏ ਅਤੇ ਉਹਨਾਂ ਬੀ.ਸੀ. ਪੰਜਾਬੀ ਪ੍ਰੈਸ ਕਲੱਬ ਦੇ ਨੁਮਾਇੰਦਿਆਂ ਨਾਲ ਵਿਸ਼ੇਸ਼ ਗੱਲਬਾਤ ਕੀਤੀ। ਆਪਣੀ ਗੱਲਬਾਤ ਦੌਰਾਨ ਉਹਨਾਂ ਸਿੱਖ ਕਮਿਊਨਿਟੀ ਲਈ ਇੱਕ ਅਜਿਹਾ ਪਲੇਟਫਾਰਮ ਸਥਾਪਿਤ ਕਰਨ 'ਤੇ ਜ਼ੋਰ ਦਿੱਤਾ ਜਿਸ ਰਾਹੀਂ ਸਿੱਖਿਆ ਤੇ ਸਿਸਟਮ ਨੂੰ ਕਾਰਗਰ ਬਣਾ ਕੇ ਨੌਜਵਾਨਾਂ ਲਈ ਰੋਜ਼ਗਾਰ ਦੇ ਵਧੇਰੇ ਮੌਕੇ ਪੈਦਾ ਕੀਤੇ ਜਾ ਸਕਣ। ਉਨ੍ਹਾਂ ਕਿਹਾ ਕਿ ਸਿੱਖ ਭਾਈਚਾਰੇ ਨੂੰ ਇੱਕ ਵਿਸ਼ਵ ਪੱਧਰੀ ਪਲੇਟਫਾਰਮ ਸਥਾਪਿਤ ਕਰਨਾ ਚਾਹੀਦਾ ਜਿਸ ਰਾਹੀਂ ਅਸੀਂ ਆਪਣੀ ਵਿਰਾਸਤੀ ਜਾਣਕਾਰੀ ਨਵੀਂ ਪੀੜ੍ਹੀ ਤੱਕ ਪੁਚਾ ਸਕੀਏ। ਇਸ ਸਬੰਧੀ ਆਪਣੇ ਵੱਲੋਂ ਕੀਤੇ ਜਾ ਰਹੇ ਕਾਰਜ ਬਾਰੇ ਦਸਦਿਆਂ ਉਨ੍ਹਾਂ ਕਿਹਾ ਕਿ ਅਸੀਂ ਦੁਬਈ ਵਿੱਚ 'ਸਿੱਖ ਵਰਲਡ' ਪ੍ਰੋਗਰਾਮ ਕਰਵਾਉਣ ਜਾ ਰਹੇ ਹਾਂ। ਉਨ੍ਹਾਂ ਕਿਹਾ ਕਿ ਜਿਹੜੇ ਲੋਕ ਕੁਝ ਕਰਨ ਦੇ ਸਮਰੱਥ ਹਨ ਉਨਾਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਕਮਿਊਨਿਟੀ ਲਈ ਆਪਣਾ ਬਣਦਾ ਯੋਗਦਾਨ ਪਾਉਣ। ਅਜਿਹਾ ਨਾ ਕਰਨ ਤੇ ਕਮਿਊਨਿਟੀ ਦਾ ਇਲਜ਼ਾਮ ਉਹਨਾਂ ਦੇ ਸਿਰ ਰਹੇਗਾ। ਉਹਨਾਂ ਕਿਹਾ ਕਿ ਸਭ ਨੂੰ ਸਿੱਖ ਵਰਲਡ ਨਾਲ ਜੁੜਨਾ ਚਾਹੀਦਾ ਹੈ ਜਿੰਨੀ ਵੱਡੀ ਗਿਣਤੀ ਵਿੱਚ ਅਸੀਂ ਇਕੱਠੇ ਹੋਵਾਂਗੇ, ਰਲ ਕੇ ਕੋਈ ਕੰਮ ਕਰਾਂਗੇ ਓਨੀ ਹੀ ਵੱਡੀ ਸਫਲਤਾ ਅਸੀਂ ਹਾਸਲ ਕਰ ਸਕਾਂਗੇ। ਨੌਜਵਾਨ ਪੀੜ੍ਹੀ ਲਈ ਫੰਡਿੰਗ ਕਰਨ ਅਤੇ ਰੁਜ਼ਗਾਰ ਪੈਦਾ ਕਰਨ ਲਈ ਪੰਜਾਬੀ ਭਾਈਚਾਰੇ ਦਾ ਇਕ ਵਿਸ਼ਵ ਪੱਧਰੀ ਪਲੇਟਫਾਰਮ ਹੋਣਾ ਚਾਹੀਦਾ ਹੈ।

ਉਹਨਾਂ ਦੱਸਿਆ ਕਿ ਯੂਏਈ ਵਿੱਚ ਉਹਨਾਂ ਨੇ ਇੱਕ ਅਜਿਹਾ ਪਲੇਟਫਾਰਮ ਸਥਾਪਿਤ ਕੀਤਾ ਹੋਇਆ ਹੈ ਜਿੱਥੇ ਨੌਜਵਾਨਾਂ ਨੂੰ ਸਹੀ ਜਾਣਕਾਰੀ ਮੁਹੱਈਆ ਕਰਵਾਈ ਜਾਂਦੀ ਹੈ ਤੇ ਉਹਨਾਂ ਨੂੰ ਗੁੰਮਰਾਹ ਹੋਣ ਤੋਂ ਅਤੇ ਗ਼ਲਤ ਹੱਥਾਂ ਵਿੱਚ ਜਾਣ ਤੋਂ ਰੋਕਿਆ ਜਾਂਦਾ ਹੈ। ਇਸ ਪਲੇਟਫਾਰਮ ਰਾਹੀਂ ਸੈਂਕੜੇ ਕੁੜੀਆਂ ਨੂੰ ਗੁਮਰਾਹਕੁੰਨ ਅਨਸਰਾਂ ਤੋਂ ਬਚਾਇਆ ਗਿਆ ਹੈ। ਉਹਨਾਂ ਕਿਹਾ ਕਿ ਅਜਿਹੇ ਉਪਰਾਲੇ ਗਲੋਬਲ ਪੱਧਰ 'ਤੇ ਕਰਕੇ ਅਤੇ ਪਾਰਦਰਸ਼ੀ ਸੋਚ ਅਪਨਾ ਕੇ ਅਸੀਂ ਨੌਜਵਾਨਾਂ ਵਿੱਚ ਵਧ ਰਹੀ ਉਦਾਸੀਨਤਾ ਨੂੰ ਮਿਟਾ ਸਕਦੇ ਹਾਂ ਉਹਨਾਂ ਆਪਣੇ ਪੱਧਰ 'ਤੇ ਅਜਿਹਾ ਕਰਨ ਲਈ ਯਤਨ ਜਾਰੀ ਰੱਖਣਗੇ ਦੀ ਗੱਲ ਵੀ ਕਹੀ।

ਡਾ. ਹਰਮੀਕ ਸਿੰਘ ਨੇ ਦੱਸਿਆ ਕਿ ਉਹਨਾਂ ਦੁਬਈ ਵਿੱਚ ਗੁਰੂ ਘਰ ਸਥਾਪਿਤ ਕੀਤਾ ਹੋਇਆ ਹੈ ਅਤੇ ਯੂਏਈ ਦੇ ਪ੍ਰੋਟੋਕਾਲ ਅਨੁਸਾਰ ਉਸ ਗੁਰੂ ਘਰ ਦੇ ਨਾਲ ਇੱਕ ਮਸਜਿਦ ਵੀ ਹੈ। ਉੱਥੇ ਹਿੰਦੂ, ਮੁਸਲਿਮ, ਸਿੱਖ, ਇਸਾਈ ਸਾਰੇ ਰਲ ਕੇ ਲੰਗਰ ਛਕਦੇ ਹਨ। ਉਸ ਗੁਰੂ ਘਰ ਵਿੱਚ ਹਰ ਐਤਵਾਰ ਨੂੰ 5 ਹਜ਼ਾਰ ਪ੍ਰਾਣੀ ਲੰਗਰ ਛਕਦੇ ਹਨ। ਉਹਨਾਂ ਇਹ ਵੀ ਕਿਹਾ ਕਿ ਸਿੱਖਾਂ ਦੀ ਦਸਤਾਰ ਇੱਕ ਜ਼ਿੰਮੇਵਾਰੀ ਦੀ ਨਿਸ਼ਾਨੀ ਹੈ। ਦੁਬਈ ਦੇ ਲੋਕਾਂ ਵਿਚ ਸਿੱਖਾਂ ਪ੍ਰਤੀ ਬਹੁਤ ਹੀ ਸਤਿਕਾਰ ਹੈ ਅਤੇ ਉਸ ਸਤਿਕਾਰ ਨੂੰ ਬਰਕਰਾਰ ਰੱਖਣ ਦੇ ਉਦੇਸ਼ ਤਹਿਤ ਹੀ ਉਹ ਆਪਣੀ ਪਹੁੰਚ ਅਨੁਸਾਰ ਕੁਝ ਕਰ ਰਹੇ ਹਨ। ਸਰੀ ਦੇ ਮੈਂਬਰ ਪਾਰਲੀਮੈਂਟ ਰਣਦੀਪ ਸਿੰਘ ਸਰਾਏ ਨਾਲ ਵੈਨਕੂਵਰ ਤੋਂ ਦੁਬਈ ਤੱਕ ਦਾ ਟੂਰਿਜ਼ਮ ਪ੍ਰੋਗਰਾਮ ਬਣਾਉਣ ਬਾਰੇ ਹੋਏ ਵਿਚਾਰ ਵਟਾਂਦਰੇ ਬਾਰੇ ਉਨ੍ਹਾਂ ਦੱਸਿਆ ਕਿ ਅਸੀਂ ਇਕ ਅਜਿਹਾ ਪ੍ਰੋਗਰਾਮ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ਜਿਸ ਵਿਚ ਵੈਨਕੂਵਰ ਤੋਂ ਅੰਮ੍ਰਿਤਸਰ ਹਵਾਈ ਸਫ਼ਰ ਦੌਰਾਨ ਇੱਕ ਜਾਂ ਦੋ ਦਿਨ ਦਾ ਦੁਬਈ ਵਿੱਚ ਠਹਿਰਾਓ ਹੋਵੇ ਅਤੇ ਫਿਰ ਉਥੋਂ ਅੰਮ੍ਰਿਤਸਰ ਲਈ ਸਿੱਧੀ ਉਡਾਨ ਹੋਵੇ। ਇਹ ਪ੍ਰੋਗਰਾਮ ਦੁਬਈ ਟੂਰਿਜ਼ਮ ਨਾਲ ਮਿਲ ਕੇ ਬਣਾਉਣ ਦੀ ਕੋਸ਼ਿਸ਼ ਹੈ ਅਤੇ ਉਹਨਾਂ ਇਸ ਸੰਬੰਧ ਵਿੱਚ ਯੂਏਈ ਦੇ ਟੂਰਿਜ਼ਮ ਮਨਿਸਟਰ ਨਾਲ ਗੱਲਬਾਤ ਕੀਤੀ ਹੈ। ਪੰਜਾਬੀਆਂ ਵਾਸਤੇ ਇਹ ਇੱਕ ਨਵਾਂ ਟੂਰਿਜ਼ਮ ਪਲਾਨ ਬਣੇਗਾ। ਇਹ ਟੂਰਿਜ਼ਮ ਪ੍ਰੋਗਰਾਮ ਜਿੱਥੇ ਪੰਜਾਬੀਆਂ ਵਾਸਤੇ ਲਾਹੇਵੰਦ ਹੋਵੇਗਾ ਉੱਥੇ ਯੂਏਈ ਗੌਰਮਿੰਟ ਵਾਸਤੇ ਅਤੇ ਟੂਰਿਜ਼ਮ ਨਾਲ ਸੰਬੰਧਤ ਦੁਬਈ ਦੇ ਕਾਰੋਬਾਰੀਆਂ ਵਾਸਤੇ ਵੀ ਫਾਇਦੇਮੰਦ ਹੋਵੇਗਾ। ਇਹ ਪ੍ਰੋਗਰਾਮ ਪੰਜਾਬੀਆਂ ਵਾਸਤੇ ਵੀ ਇੱਕ ਫ਼ਖ਼ਰ ਵਾਲੀ ਗੱਲ ਹੋਵੇਗੀ।

ਜ਼ਿਕਰਯੋਗ ਹੈ ਕਿ ਭਾਰਤ ਵਿੱਚ ਜੰਮੇ ਪਲੇ ਡਾ. ਹਰਮੀਕ ਸਿੰਘ 2004 ਵਿੱਚ ਦੁਬਈ ਆਏ ਸਨ। ਕੁਝ ਦੇਰ ਨੌਕਰੀ ਕਰਨ ਉਪਰੰਤ ਉਨ੍ਹਾਂ 'ਪਲਾਨ ਬੀ' ਗਰੁੱਪ ਦੀ ਸਥਾਪਨਾ ਕੀਤੀ। ਅੰਗਰੇਜ਼ੀ ਸਾਹਿਤ ਵਿੱਚ ਬੈਚੁਲਰ ਦੀ ਡਿਗਰੀ ਨਾਲ ਲੈਸ ਅਤੇ ਬਾਅਦ ਵਿੱਚ ਰੂਸ ਦੀ ਸੰਘੀ ਯੂਨੀਵਰਸਿਟੀ ਤੋਂ ਇੱਕ ਵੱਕਾਰੀ ਡਾਕਟਰੇਟ ਨਾਲ ਸਨਮਾਨਿਤ ਡਾ. ਹਰਮੀਕ ਸਿੰਘ ਨੇ ਸਿਰਜਣਾਤਮਕਤਾ ਅਤੇ ਨਵੀਨਤਾ ਦੀ ਨਿਰੰਤਰ ਖੋਜ ਸ਼ੁਰੂ ਕੀਤੀ। ਡਿਜ਼ਾਈਨ ਅਤੇ ਪ੍ਰਿੰਟ ਵਿੱਚ ਸ਼ੁਰੂਆਤ ਕਰਕੇ ਪਲਾਨ ਬੀ ਗਰੁੱਪ ਇੱਕ ਬਹੁਪੱਖੀ ਪਾਵਰਹਾਊਸ ਵਿੱਚ ਵਿਕਸਤ ਹੋ ਚੁੱਕਿਆ ਹੈ ਜਿਸ ਵਿੱਚ ਇਵੈਂਟਸ, ਮੁਹਿੰਮਾਂ, ਰਣਨੀਤੀ, ਤਕਨਾਲੋਜੀ, ਇੰਟਰਐਕਟੀਵਿਟੀ ਅਤੇ ਗੇਮ-ਬਦਲਣ ਵਾਲੀਆਂ ਪਹਿਲ ਕਦਮੀਆਂ ਸ਼ਾਮਲ ਹਨ। ਡਾ. ਸਿੰਘ ਦਾ "ਬਾਕਸ ਆਫ਼ ਹੋਪ" ਪ੍ਰੋਜੈਕਟ ਇੱਕ ਮਜ਼ਬੂਤ ਨਿੱਜੀ ਵਚਨਬੱਧਤਾ ਹੈ। ਇਸ ਪ੍ਰੋਜੈਕਟ ਦੀ ਮਦਦ ਨਾਲ ਯੂਏਈ ਵਿੱਚ ਅਜੇ ਵੀ ਕਾਮਿਆਂ ਨੂੰ ਨਵੀਂ ਉਮੀਦ, ਕਾਨੂੰਨੀ ਸਹਾਇਤਾ ਅਤੇ ਸਿੱਖਿਆ ਦਿੱਤੀ ਜਾਂਦੀ ਹੈ। ਨਾਮਵਰ ਕੰਪਨੀਆਂ ਅਤੇ ਸਰਕਾਰੀ ਸੰਸਥਾਵਾਂ ਦੇ ਨਾਲ ਕੰਮ ਕਰਦੇ ਹੋਏ ਡਾ. ਹਰਮੀਕ ਸਿੰਘ ਨੇ ਕਈ ਦੇਸ਼ਾਂ ਵਿੱਚ ਆਪਣੇ ਦਫਤਰ ਸਥਾਪਿਤ ਕਰਕੇ ਪਲਾਨ ਬੀ ਗਰੁੱਪ ਨੂੰ ਇੱਕ ਵਿਸ਼ਵਵਿਆਪੀ ਤਾਕਤ ਬਣਾਇਆ ਹੈ। ਉਹ ਦੁਬਈ ਵਿਚ ਔਰਤਾਂ ਲਈ ਸਭ ਤੋਂ ਵੱਡੇ ਖੇਡ ਸਮਾਗਮ 'ਦੁਬਈ ਮਹਿਲਾ ਦੌੜ' ਦੇ ਚੇਅਰਮੈਨ ਹਨ।



## 31 ਮਾਰਚ ਸਨਮਾਨ ਸਮਾਰੋਹ 'ਤੇ ਵਿਸ਼ੇਸ਼

# ਵੈਨਕੂਵਰ ਇਲਾਕੇ ਦੀ ਮਾਨਯੋਗ ਸ਼ਖਸੀਅਤ : ਸੁੱਚਾ ਸਿੰਘ ਕਲੇਰ

**ਹਰਦਮ ਸਿੰਘ ਮਾਨ**



ਸੁੱਚਾ ਸਿੰਘ ਕਲੇਰ ਵੈਨਕੂਵਰ ਇਲਾਕੇ ਦੀ ਮਾਨਯੋਗ ਬਹੁਪੱਖੀ ਸ਼ਖਸੀਅਤ ਹਨ। ਉਹ ਬਹੁਤ ਹੀ ਨਿਮਰ, ਮਿਲਣਸਾਰ ਅਤੇ ਮਦਦਗਾਰ ਤਬੀਅਤ ਦੇ ਮਾਲਕ ਹਨ।ਕੈਨੇਡਾ ਦੇ ਸਾਹਿਤਿਕ ਹਲਕਿਆਂ ਵਿੱਚ ਉਹ ਬੜੇ ਸਤਿਕਾਰ ਨਾਲ ਜਾਣੇ ਜਾਂਦੇ ਹਨ। ਬੀ.ਸੀ. ਦੇ ਕਾਰੋਬਾਰੀ ਖੇਤਰ ਵਿੱਚ ਵੀ ਉਹ ਸਰਗਰਮ ਰਹੇ ਹਨ। ਸਮਾਜ ਸੇਵਾ ਦੇ ਪ੍ਰਬਲ ਜਜ਼ਬੇ ਸਦਕਾ ਪੰਜਾਬੀ ਭਾਈਚਾਰੇ ਲਈ ਉਨ੍ਹਾਂ ਬੇਹੱਦ ਯੋਗਦਾਨ ਪਾਇਆ ਹੈ। ਲੰਮਾ ਸਮਾਂ ਇੰਡੋ ਕੈਨੇਡੀਅਨ ਪੰਜਾਬੀ ਅਖ਼ਬਾਰ ਵਿੱਚ ਆਪਣੇ ਕਾਲਮ ਰਾਹੀਂ ਉਨ੍ਹਾਂ ਪੰਜਾਬੀ ਭਾਈਚਾਰੇ ਦੇ ਮਸਲਿਆਂ, ਲੋੜਾਂ ਅਤੇ ਪ੍ਰਾਪਤੀਆਂ ਨੂੰ ਉਜਾਗਰ ਕਰਨ ਅਤੇ ਵੈਨਕੂਵਰ ਇਲਾਕੇ ਵਿਚ ਪੰਜਾਬੀ ਬੋਲੀ ਅਤੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਹਿਤ ਬੇਹੱਦ ਘਾਲਣਾ ਕੀਤੀ।

ਸੁੱਚਾ ਸਿੰਘ ਕਲੇਰ ਦਾ ਜਨਮ 8 ਜੁਲਾਈ 1937 ਨੂੰ ਸਰਦਾਰ ਪਿਆਰਾ ਸਿੰਘ ਕਲੇਰ (ਪਿਤਾ) ਅਤੇ ਸ੍ਰੀਮਤੀ ਨਸੀਬ ਕੌਰ ਕਲੇਰ (ਮਾਤਾ) ਦੇ ਘਰ ਪਿੰਡ ਜਗਤਪੁਰ ਜੱਟਾਂ ਜ਼ਿਲਾ ਕਪੂਰਥਲਾ (ਪੰਜਾਬ) ਵਿੱਚ ਹੋਇਆ। ਮੁੱਢਲੀ ਸਿੱਖਿਆ ਪਿੰਡ ਦੇ ਸਕੂਲ ਤੋਂ ਪ੍ਰਾਪਤ ਕਰ ਕੇ ਉਹਨਾਂ ਨੇ ਰਾਮਗੜ੍ਹੀਆ ਸਕੂਲ ਅਤੇ ਕਾਲਜ ਫਗਵਾੜਾ ਤੋਂ ਆਪਣੀ ਅਗਲੇਰੀ ਵਿੱਦਿਆ ਹਾਸਲ ਕੀਤੀ। ਉਹ ਕੁਝ ਸਮਾਂ ਪਿੰਡ ਦੀ ਕੋਆਪ੍ਰੇਟਿਵ ਬੈਂਕ ਦੇ ਪ੍ਰਧਾਨ ਵੀ ਰਹੇ। 25 ਸਾਲ ਦੀ ਉਮਰ ਵਿਚ ਉਹਨਾਂ ਨੇ ਪ੍ਰਵਾਸ ਵੱਲ ਰੁਖ਼ ਕੀਤਾ ਅਤੇ 1962 ਵਿੱਚ ਇੰਗਲੈਂਡ ਪਹੁੰਚ ਗਏ। ਉੱਥੇ ਜਾ ਕੇ ਉਹਨਾਂ ਮਸ਼ੀਨ ਆਪਰੇਟਰ ਦੀ ਜੌਬ ਕੀਤੀ। ਉਹ 1964 ਤੋਂ 1966 ਤੱਕ ਇੰਡੀਅਨ ਵਰਕਰ ਐਸੋਸੀਏਸ਼ਨ ਕਵੈਂਟਰੀ (ਯੂ.ਕੇ.) ਦੇ ਡਾਇਰੈਕਟਰ ਅਤੇ 1967 ਤੋਂ 1969 ਤੱਕ ਇੰਡੀਅਨ ਕਲਚਰਲ ਸੋਸਾਇਟੀ ਦੇ ਜਨਰਲ ਸੈਕਟਰੀ ਰਹੇ।

ਅਕਤੂਬਰ 1969 ਵਿੱਚ ਉਹ ਕਨੇਡਾ ਆ ਗਏ ਅਤੇ ਇੱਥੇ ਆ ਕੇ ਉਹਨਾਂ ਆਪਣਾ ਬਿਜਨਸ ਸਥਾਪਿਤ ਕੀਤਾ।ਵੈਨਕੂਵਰ ਵਿਖੇ ਪੰਜਾਬੀ ਮਾਰਕੀਟ ਸਥਾਪਤ ਕਰਨ ਵਿੱਚ ਉਹਨਾਂ ਦਾ ਮੋਹਰੀ ਰੋਲ ਰਿਹਾ। ਇਹ ਮਾਰਕੀਟ ਬਣਾਉਣ ਲਈ ਅਤੇ ਇੱਥੇ ਮਾਰਕੀਟ ਦਾ ਸਾਈਨ ਪੰਜਾਬੀ ਵਿੱਚ ਲਿਖਵਾਉਣ ਲਈ ਉਨ੍ਹਾਂ ਨੂੰ ਕਾਫੀ ਸੰਘਰਸ਼ ਕਰਨਾ ਪਿਆ ਪਰ ਆਪਣੇ ਮਿਸ਼ਨ ਵਿਚ ਸਫਲ ਰਹੇ ਅਤੇ ਭਾਰਤ ਤੋਂ ਬਾਹਰ ਪੰਜਾਬੀ ਵਿੱਚ ਲਿਖਿਆ ਪਹਿਲਾ ਬੋਰਡ ਉਨ੍ਹਾਂ ਵੈਨਕੂਵਰ ਵਿਚ ਲਗਵਾਇਆ ਜੋ ਅੱਜ ਵੀ ਉਨ੍ਹਾਂ ਦੀ ਪ੍ਰਾਪਤੀ ਦਾ ਲਖਾਇਕ ਹੈ। ਬਾਅਦ ਵਿਚ ਪੰਜਾਬੀ ਮਾਰਕੀਟ ਐਸੋਸੀਏਸ਼ਨ ਲਈ ਖਜ਼ਾਨਚੀ ਅਤੇ ਪ੍ਰਧਾਨ ਦੇ ਅਹੁਦਿਆਂ 'ਤੇ ਵੀ ਉਹ ਬਿਰਾਜਮਾਨ ਰਹੇ। 1991 ਤੋਂ ਲੈ ਕੇ 2015 ਤੱਕ ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਲਈ ਉਨ੍ਹਾਂ ਵੱਲੋਂ ਬਤੌਰ ਖਜ਼ਾਨਚੀ ਨਿਭਾਈਆਂ ਸੇਵਾਵਾਂ ਨੂੰ ਅੱਜ ਵੀ ਯਾਦ ਕੀਤਾ ਜਾਂਦਾ ਹੈ। ਸਮਾਜ ਸੇਵਾ ਵਿੱਚ ਕਾਰਜ ਕਰਦਿਆਂ ਉਹ ਕਨੇਡੀਅਨ ਕੈਂਸਰ ਸੋਸਾਇਟੀ ਦੇ ਡਾਇਰੈਕਟਰ ਵੀ ਰਹੇ। ਇਸ ਤੋਂ ਇਲਾਵਾ ਹੋਲੀ ਫੈਮਲੀ ਹੌਸਪੀਟਲ ਵੈਨਕੂਵਰ ਦੇ ਦੋ ਸਾਲ ਡਾਇਰੈਕਟਰ ਰਹੇ ਅਤੇ ਸਾਊਥ ਏਸ਼ੀਅਨ ਐਡਵਾਈਜ਼ਰੀ ਕਮੇਟੀ (ਇੰਸ਼ੋਰੈਂਸ ਕਾਰਪੋਰੇਸ਼ਨ ਬੀਸੀ) ਲਈ ਦੋ ਸਾਲ ਡਾਇਰੈਕਟਰ ਦੇ ਤੌਰ 'ਤੇ ਕਾਰਜ ਕੀਤਾ। ਉਹ ਸਨਸਿਟ ਇੰਡੋ ਕੈਨੇਡੀਅਨ ਸੀਨੀਅਰ ਸੋਸਾਇਟੀ ਵੈਨਕੂਵਰ ਦੇ ਸੱਤ ਸਾਲ ਪ੍ਰਧਾਨ ਵੀ ਰਹੇ ਤੇ ਚਾਰ ਸਾਲ ਡਾਇਰੈਕਟਰ ਰਹੇ। ਉਹਨਾਂ ਨੇ 10 ਕਿਲੋਮੀਟਰ ਦੀ 'ਸਨ ਰਨ' ਵਿੱਚ ਵੀ ਭਾਗ ਲਿਆ।

ਆਪਣਾ ਕਾਰੋਬਾਰ ਚਲਾਉਣ ਅਤੇ ਕਮਿਊਨਿਟੀ ਲਈ ਵੱਖ ਵੱਖ ਸੇਵਾਵਾਂ ਨਿਭਾਉਣ ਦੇ ਨਾਲ ਨਾਲ ਉਹ ਸਾਹਿਤ ਦੇ ਖੇਤਰ ਵਿਚ ਵੀ ਸਰਗਰਮ ਰਹੇ ਅਤੇ ਪੰਜਾਬੀ ਅਤੇ ਅੰਗਰੇਜ਼ੀ ਵਿੱਚ ਆਪਣੀਆਂ ਪੁਸਤਕਾਂ ਰਾਹੀਂ ਸਾਹਿਤਕ ਯੋਗਦਾਨ ਪਾਇਆ। ਪੰਜਾਬੀ ਵਿੱਚ ਉਹਨਾਂ ਦੀਆਂ ਪੰਜ ਪੁਸਤਕਾਂ ਛਪ ਚੁੱਕੀਆਂ ਹਨ ਜਿਨ੍ਹਾਂ ਵਿੱਚ 'ਜੱਗ ਬੀਤੀਆਂ', 'ਸਮੇਂ ਦੀ ਪੈੜ', 'ਨਵੀਆਂ ਪੈੜਾਂ ਦੇ ਸਿਰਜਣਹਾਰ', 'ਤੇਰਾ ਫੇਰਾ' ਅਤੇ 'ਪ੍ਰਵਾਸ ਦਰਪਣ' ਸ਼ਾਮਲ ਹਨ ਅਤੇ ਦੋ ਪੁਸਤਕਾਂ ਅੰਗਰੇਜ਼ੀ ਵਿੱਚ ਵੀ ਪ੍ਰਕਾਸ਼ਿਤ ਹੋਈਆਂ ਹਨ। ਸਮਾਜ ਦੇ ਵੱਖ ਵੱਖ ਖੇਤਰਾਂ ਵਿੱਚ ਯੋਗਦਾਨ ਪਾਉਣ ਵਾਲੇ ਸੁੱਚਾ ਸਿੰਘ ਕਲੇਰ ਨੂੰ ਬਹੁਤ ਸਾਰੀਆਂ ਸਭਾਵਾਂ, ਸੰਸਥਾਵਾਂ, ਸੁਸਾਇਟੀਆਂ ਅਤੇ ਅਦਾਰਿਆਂ ਵੱਲੋਂ ਬੇਹੱਦ ਮਾਣ ਸਨਮਾਨ ਪ੍ਰਦਾਨ ਕੀਤਾ ਜਾ ਚੁੱਕਾ ਹੈ। ਪੰਜਾਬੀ ਮਾਰਕੀਟ ਵੈਨਕੂਵਰ, ਇੰਡੋ ਕੈਨੇਡੀਅਨ ਕਮਿਊਨਿਟੀ, ਸ਼੍ਰੋਮਣੀ ਸਿੱਖ ਸਰਵਿਸ ਸੁਸਾਇਟੀ ਆਫ ਕੈਨੇਡਾ, ਕਨੇਡੀਅਨ ਕੈਂਸਰ ਸੋਸਾਇਟੀ, ਸਨਸਿਟ ਇੰਡੋ ਕਨੇਡੀਅਨ ਸੀਨੀਅਰ ਸੋਸਾਇਟੀ ਵੈਨਕੂਵਰ, ਯੂਨੀਵਰਸਿਟੀ ਆਫ ਬੀਸੀ, ਜਨਤਾ ਸੇਵਕ ਸੋਸਾਇਟੀ ਆਫ ਬੀਸੀ, ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ, ਦੇਵ ਹੇਅਰ ਐਮਐਲਏ ਸਰੀ, ਇੰਡੋ-ਕੈਨੇਡੀਅਨ ਅਖ਼ਬਾਰ (ਬੈਸਟ ਰਿਪੋਰਟਰ ਤੇ ਕਾਲਮ ਨਵੀਸ), ਕਨੇਡੀਅਨ ਪੰਜਾਬੀ ਕਲਚਰ ਐਸੋਸੀਏਸ਼ਨ ਆਫ ਬੀਸੀ (ਗੁਰਦੇਵ ਮਾਨ ਮੈਮੋਰੀਅਲ ਐਵਾਰਡ), ਪੰਜਾਬ ਭਵਨ ਸਰੀ (ਅਰਜਨ ਸਿੰਘ ਬਾਠ ਐਵਾਰਡ) ਅਤੇ ਬੀਸੀ ਕਲਚਰਲ ਡਾਈਵਰਸਿਟੀ ਐਸੋਸੀਏਸ਼ਨ ਵੱਲੋਂ ਮਿਲੇ ਅਵਾਰਡ ਅਤੇ ਮਾਣ ਸਨਮਾਨ ਉਹਨਾਂ ਦੀ ਜ਼ਿੰਦਗੀ ਦਾ ਵੱਡਮੁੱਲਾ ਸਰਮਾਇਆ ਹਨ।

ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਵੱਲੋਂ 31 ਮਾਰਚ 2024 ਨੂੰ ਸਰੀ ਵਿਖੇ ਕਰਵਾਏ ਜਾ ਰਹੇ ਇੱਕ ਵਿਸ਼ੇਸ਼ ਸਮਾਗਮ ਦੌਰਾਨ ਸੁੱਚਾ ਸਿੰਘ ਕਲੇਰ ਨੂੰ ਸਾਹਿਤ ਵਿਚ ਪਾਏ ਯੋਗਦਾਨ ਲਈ ਸਾਲ 2024 ਦੇ 'ਸਰਵੋਤਮ ਸਾਹਿਤਕਾਰ ਅਵਾਰਡ' ਨਾਲ ਸਨਮਾਨਿਤ ਕੀਤਾ ਜਾ ਰਿਹਾ ਹੈ।




mortgages lab
ਕਿਸੇ ਵੀ ਤਰ੍ਹਾਂ ਦੀ ਮੌਰਗੇਜ
ਲੈਣ ਲਈ ਸੰਪਰਕ ਕਰੋ
Rate hold from 6 months to 1 year
Get Preapproval In 2 Hours
• ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
• ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
• ਰੈਜ਼ੀਡੈਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੌਰਗੇਜ
HARPREET SINGH
Mortgage Broker
Ph: 778.558.9745
harpreetfunding@gmail.com
@harpreetfunding
@HARPREETFUNDING
Licensed professional mortgage broker


MJM
FURNITURE
Long
Weekend
Special
Sale
up to 70% OFF
This weekend only
Lots of Design
Best Quality
Best Price
Expressing
Your Interior
World
Finance Available
O.A.C
Quality Furniture for Your Home.
Come visit our showroom. Over 34,000 sq ft
of quality Fine Furniture
THREE LOCATIONS TO SERVE YOU
604-596-9901
13570 - 77th Ave., Surrey, BC
604-522-1388
#2, 1315 United Boulevard, Coquitlam BC
3057 grandview hwy vancouver,
604-454-1191


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
8Lt
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786


THANK YOU FOR MAKING US
2022
Outstanding Achievement
National
TOP 20%
PRIVATE
MORTGAGES
No Worries... We Can Help!
Easily available Private Mortgage could be just what you need.
★ Up to $5 million available
★ $10,000 to $1 million in just 24 Hours
★ Residential Mortgages
★ Commercial Mortgages
★ Construction Mortgages
★ New Immigrants
★ Second Mortgages
★ First Time Home Buyers
Call today to get started
SANJEEV KATYAL
604.767.5194
info@katyalmortgage.ca
invis
Canada's Mortgage Experts™
MORTGAGE INTELLIGENCE®
WWW.KATYALMORTGAGE.CA

# ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਨਰਿੰਦਰ ਪੰਨੂ ਦੀ ਪੁਸਤਕ 'ਸੇਠਾਂ ਦੀ ਨੂੰਹ' ਲੋਕ ਅਰਪਿਤ

## ਸਾਲ 2024 ਦਾ 'ਸਰਵੋਤਮ ਸਾਹਿਤਕਾਰ ਐਵਾਰਡ ਸੁੱਚਾ ਸਿੰਘ ਕਲੇਰ ਨੂੰ ਦੇਣ ਦਾ ਫੈਸਲਾ

ਸਰੀ-ਕੇਂਦਰੀ ਪੰਜਾਬੀ ਲੇਖਕ ਸਭਾ ਉੱਤਰੀ ਅਮਰੀਕਾ ਦੀ ਮਾਸਿਕ ਬੈਠਕ 9 ਮਾਰਚ, 2024 ਦਿਨ ਸ਼ਨਿੱਚਰਵਾਰ ਬਾਅਦ ਦੁਪਹਿਰ ਸੀਨੀਅਰ ਸਿਟੀਜ਼ਨ ਸੈਂਟਰ ਵਿਖੇ ਹੋਈ। ਇਹ ਸਮਾਗਮ ਅੰਤਰਰਾਸ਼ਟਰੀ ਮਹਿਲਾ ਦਿਵਸ ਨੂੰ ਸਮਰਪਿਤ ਰਿਹਾ। ਇਸ ਮੌਕੇ ਕਹਾਣੀਕਾਰ ਨਰਿੰਦਰ ਪੰਨੂ ਦੀ ਪੁਸਤਕ 'ਸੇਠਾਂ ਦੀ ਨੂੰਹ' ਦਾ ਲੋਕ ਅਰਪਣ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਪ੍ਰਿਤਪਾਲ ਗਿੱਲ ਵੱਲੋਂ ਕੀਤੀ ਗਈ ਅਤੇ ਸਟੇਜ ਦੀ ਕਾਰਵਾਈ ਸਕੱਤਰ ਪਲਵਿੰਦਰ ਸਿੰਘ ਰੰਧਾਵਾ ਵੱਲੋਂ ਬਾਖ਼ੂਬੀ ਨਿਭਾਈ ਗਈ। ਪ੍ਰਧਾਨਗੀ ਮੰਡਲ ਵਿੱਚ ਪ੍ਰਧਾਨ ਪ੍ਰਿਤਪਾਲ ਗਿੱਲ, ਸਕੱਤਰ ਪਲਵਿੰਦਰ ਸਿੰਘ ਰੰਧਾਵਾ, ਲੇਖਕ ਨਰਿੰਦਰ ਪੰਨੂ ਸਟੇਜ ਤੇ ਸੁਸ਼ੋਭਿਤ ਹੋਏ। ਕੁਝ ਬੁਲਾਰਿਆਂ ਤੋਂ ਬਾਅਦ ਸਹਾਇਕ ਸਕੱਤਰ ਦਰਸ਼ਨ ਸੰਘਾ ਵੱਲੋਂ ਸਾਲ 2024 ਦੇ 'ਸਰਵੋਤਮ ਸਾਹਿਤਕਾਰ' ਐਵਾਰਡ ਦਾ ਐਲਾਨ ਕੀਤਾ ਜੋ ਕਿ ਸੁੱਚਾ ਸਿੰਘ ਕਲੇਰ ਨੂੰ ਦਿੱਤਾ ਜਾਵੇਗਾ। ਲੇਖਕ ਨਰਿੰਦਰ ਪੰਨੂ ਦੀ ਪੁਸਤਕ ਬਾਰੇ ਵਿਸਥਾਰ ਸਹਿਤ ਪਰਚੇ ਪ੍ਰਿਤਪਾਲ ਗਿੱਲ, ਪਲਵਿੰਦਰ ਸਿੰਘ ਰੰਧਾਵਾ, ਪ੍ਰੀਤ ਕੌਰ ਗਿੱਲ, ਪ੍ਰੋ: ਕਸ਼ਮੀਰਾ ਸਿੰਘ, ਡਾ. ਪ੍ਰਿਥੀਪਾਲ ਸੋਹੀ, ਸੁਖਜਿੰਦਰ ਕੌਰ ਸਿੱਧੂ ਵੱਲੋਂ ਪੜ੍ਹੇ ਗਏ। ਕਹਾਣੀਕਾਰ ਨਰਿੰਦਰ ਪੰਨੂ ਵੱਲੋਂ ਆਪਣੀ ਪੁਸਤਕ ਬਾਰੇ ਸੰਖੇਪ ਰੂਪ ਵਿੱਚ ਜਾਣਕਾਰੀ ਸਾਂਝੀ ਕੀਤੀ ਗਈ। ਉਪਰੰਤ ਲੇਖਕ ਦੀ ਪੁਸਤਕ 'ਸੇਠਾਂ ਦੀ ਨੂੰਹ' ਸਾਰੇ ਬੋਰਡ ਮੈਂਬਰਾਂ, ਲੇਖਕਾਂ ਅਤੇ ਆਏ ਮਹਿਮਾਨਾਂ ਦੀ ਭਰਪੂਰ ਹਾਜ਼ਰੀ ਵਿੱਚ ਤਾਲੀਆਂ ਦੀ ਗੂੰਜ ਨਾਲ ਲੋਕ ਅਰਪਣ ਕੀਤੀ ਗਈ। ਲੇਖਕ ਨਰਿੰਦਰ ਪੰਨੂ ਨੂੰ ਸਭਾ ਵੱਲੋਂ ਸਨਮਾਨਿਤ ਕੀਤਾ ਗਿਆ। ਲੇਖਕ ਚਰਨ ਸਿੰਘ ਨੂੰ ਇੱਕ ਮਾਣ ਪੱਤਰ ਨਾਲ ਨਵਾਜਿਆ ਗਿਆ। ਇਸ ਮੌਕੇ ਲੇਖਕ ਦਾ ਸਾਰਾ ਪਰਿਵਾਰ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਇਆ। ਕਵੀ ਦਰਬਾਰ ਅੰਤਰਰਾਸ਼ਟਰੀ ਮਹਿਲਾ ਦਿਵਸ ਨੂੰ ਸਮਰਪਿਤ ਕੀਤਾ ਗਿਆ, ਜਿਸ ਵਿੱਚ ਸਭ ਹਾਜ਼ਰ ਕਵੀਆਂ ਨੇ ਆਪਣੀ ਹਾਜ਼ਰੀ ਲਗਵਾਈ। ਮੀਤ ਪ੍ਰਧਾਨ ਸੁਰਜੀਤ ਸਿੰਘ ਮਾਧੋਪੁਰੀ, ਅਮਰੀਕ ਪਲਾਹੀ, ਪ੍ਰੋ: ਕਸ਼ਮੀਰਾ ਸਿੰਘ, ਡਾ ਪ੍ਰਿਥੀਪਾਲ ਸੋਹੀ, ਇੰਦਰਜੀਤ ਸਿੰਘ ਧਾਮੀ, ਇੰਦਰ ਪਾਲ ਸਿੰਘ ਸੰਧੂ, ਦਰਸ਼ਨ ਸਿੰਘ ਸੰਘਾ, ਸ਼ਾਇਰ ਕਵਿੰਦਰ ਚਾਂਦ, ਚਰਨ ਸਿੰਘ, ਡਾਕਟਰ ਦਵਿੰਦਰ ਕੌਰ, ਹਰਚੰਦ ਸਿੰਘ ਗਿੱਲ ਹਰਪਾਲ ਸਿੰਘ ਬਰਾੜ ਦਵਿੰਦਰ ਕੌਰ ਜੌਹਲ, ਪਰਮਿੰਦਰ ਸਿੰਘ ਪੰਨੂ, ਬੇਅੰਤ ਸਿੰਘ ਢਿੱਲੋਂ, ਨਰਿੰਦਰ ਬਾਹੀਆ, ਰਣਜੀਤ ਸਿੰਘ ਨਿੱਝਰ, ਪ੍ਰੀਤ ਗਿੱਲ, ਦਵਿੰਦਰ ਕੌਰ, ਜਰਨੈਲ ਸਿੰਘ ਰਾਏ, ਜਸਬੀਰ ਸਿੰਘ ਰਾਏ, ਮਨਜੀਤ ਸਿੰਘ ਪੰਨੂ, ਸੁਰਿੰਦਰ ਸਿੰਘ ਜੱਸਲ, ਜਿਲ੍ਹੇ ਸਿੰਘ ਮਨਜੀਤ ਸਿੰਘ ਮੱਲ੍ਹਾ, ਮਲਕੀਤ ਸਿੰਘ, ਅਵਤਾਰ ਸਿੰਘ ਢਿੱਲੋਂ, ਅਮਰੀਕ ਸਿੰਘ, ਗੁਰਚਰਨ ਸਿੰਘ ਬਰਾੜ, ਗੁਰਮੀਤ ਸਿੰਘ ਕਾਲਕਟ ਖ਼ਾਸ ਤੌਰ ਤੇ ਸ਼ਾਮਿਲ ਹੋਏ। ਅੰਤ ਵਿੱਚ ਸਭਾ ਦੇ ਪ੍ਰਧਾਨ ਪ੍ਰਿਤਪਾਲ ਗਿੱਲ ਨੇ ਆਪਣੇ ਪ੍ਰਧਾਨਗੀ ਭਾਸ਼ਣ ਨਾਲ ਸਭ ਦਾ ਧੰਨਵਾਦ ਕੀਤਾ।




# ਪੰਜ ਸਾਲਾਂ 'ਚ 27 ਲੱਖ ਪਾਕਿਸਤਾਨੀਆਂ ਦੇ ਡੇਟਾ 'ਚ ਸੰਨ੍ਹ

**• ਕੌਮੀ ਡੇਟਾਬੇਸ ਤੇ ਰਜਿਸਟਰੇਸ਼ਨ ਅਥਾਰਿਟੀ ਤੋਂ ਡੇਟਾ ਲੀਕ ਹੋਣ ਦਾ ਦਾਅਵਾ • ਸੀਨੀਅਰ ਅਧਿਕਾਰੀਆਂ ਖਿਲਾਫ਼ ਕਾਰਵਾਈ ਦੀ ਸਿਫਾਰਸ਼**

ਇਸਲਾਮਾਬਾਦ-ਮੁਲਕ ਦੇ ਗ੍ਰਹਿ ਮੰਤਰਾਲੇ ਨੂੰ ਦਿੱਤੀ ਜਾਣਕਾਰੀ ਅਨੁਸਾਰ 2019 ਤੋਂ 2023 ਦੇ ਅਰਸੇ ਦੌਰਾਨ 27 ਲੱਖ ਪਾਕਿਸਤਾਨੀਆਂ ਦੀ ਨਿੱਜੀ ਜਾਣਕਾਰੀ ਦੀ ਸਾਂਭ ਸੰਭਾਲ ਕਰਨ ਵਾਲੀ ਕੌਮੀ ਡੇਟਾਬੇਸ ਅਥਾਰਿਟੀ ਵਿਚ ਗੰਭੀਰ ਸੰਨ੍ਹ ਲੱਗੀ ਹੈ। ਜੀਓ ਨਿਊਜ਼ ਦੀ ਰਿਪੋਰਟ ਮੁਤਾਬਕ ਸੰਘੀ ਜਾਂਚ ਏਜੰਸੀ (ਐੱਫਆਈਏ) ਦੇ ਸੀਨੀਅਰ ਅਧਿਕਾਰੀ ਦੀ ਅਗਵਾਈ ਵਾਲੀ ਸਾਂਝੀ ਜਾਂਚ ਟੀਮ (ਜੇਆਈਟੀ) ਤੇ ਵੱਖ ਵੱਖ ਇੰਟੈਲੀਜੈਂਸ ਏਜੰਸੀਆਂ ਦੇ ਨੁਮਾਇੰਦਿਆਂ ਵੱਲੋਂ ਕੀਤੀ ਜਾਂਚ ਤੋਂ ਨੈਸ਼ਨਲ ਡੇਟਾਬੇਸ ਤੇ ਰਜਿਸਟਰੇਸ਼ਨ ਅਥਾਰਿਟੀ (ਨਾਦਰਾ) ਵਿਚ ਲੱਗੀ ਸੰਨ੍ਹ ਤੋਂ ਪਰਦਾ ਉੱਠਿਆ ਹੈ। ਜੇਆਈਟੀ ਵੱਲੋਂ ਗ੍ਰਹਿ ਮੰਤਰਾਲੇ ਨੂੰ ਸੌਂਪੀ ਰਿਪੋਰਟ ਮੁਤਾਬਕ 2019 ਤੋਂ 2023 ਦੇ ਅਰਸੇ ਦੌਰਾਨ 27 ਲੱਖ ਪਾਕਿਸਤਾਨੀ ਨਾਗਰਿਕਾਂ ਨਾਲ ਸਬੰਧਤ ਡੇਟਾ ਨਾਦਰਾ ਡੇਟਾਬੇਸ ਤੋਂ ਚੋਰੀ ਹੋਇਆ। ਜਾਂਚ ਦੌਰਾਨ ਇਹ ਗੱਲ ਵੀ ਸਾਹਮਣੇ



ਆਈ ਕਿ ਨਾਦਰਾ ਦੇ ਮੁਲਤਾਨ, ਕਰਾਚੀ ਤੇ ਪਿਸ਼ਾਵਰ ਵਿਚਲੇ ਦਫ਼ਤਰ ਕਥਿਤ ਡੇਟਾ ਚੋਰੀ ਵਿਚ ਸ਼ਾਮਲ ਸਨ। ਜਾਂਚ ਰਿਪੋਰਟ ਵਿਚ ਅਥਾਰਿਟੀ ਦੇ ਸਬੰਧਤ ਸੀਨੀਅਰ ਅਧਿਕਾਰੀਆਂ ਖਿਲਾਫ਼ ਕਾਰਵਾਈ ਦੀ ਸਿਫਾਰਸ਼ ਵੀ ਕੀਤੀ ਗਈ ਹੈ। ਰਿਪੋਰਟ ਵਿਚ ਸੂਤਰਾਂ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਅਜਿਹੇ ਸਬੂਤ ਹਨ ਕਿ ਨਾਦਰਾ ਡੇਟਾ ਅਰਜਨਟੀਨਾ ਤੇ ਰੋਮਾਨੀਆ ਵਿਚ ਵੀ ਸਾਹਮਣੇ ਆਇਆ ਹੈ। ਚੋਰੀ ਕੀਤਾ ਡੇਟਾ ਕਥਿਤ ਮੁਲਤਾਨ ਤੋਂ ਪਿਸ਼ਾਵਰ ਤੇ ਉਥੋਂ ਦੁਬਈ ਪੁੱਜਾ। ਰਿਪੋਰਟ ਮੁਤਾਬਕ ਅਜਿਹੇ ਸਬੂਤ ਹਨ ਕਿ ਇਹ ਡੇਟਾ ਮਗਰੋਂ ਅਰਜਨਟੀਨਾ ਤੇ ਰੋਮਾਨੀਆ ਵਿਚ ਵੇਚਿਆ ਗਿਆ। ਸਾਂਝੀ ਜਾਂਚ ਟੀਮ ਨੇ ਇਸ ਕਥਿਤ ਸੰਨ੍ਹ ਮਗਰੋਂ ਤਕਨਾਲੋਜੀ ਨੂੰ ਅਪਗ੍ਰੇਡ ਕਰਨ ਦੇ ਨਾਲ ਕਸੂਰਵਾਰਾਂ ਖਿਲਾਫ਼ ਵਿਭਾਗੀ ਤੇ ਫੌਜਦਾਰੀ ਕਾਰਵਾਈ ਦੀ ਵੀ ਸਿਫਾਰਸ਼ ਕੀਤੀ ਹੈ। ਡੇਟਾ ਵਿਚ ਸੰਨ੍ਹ ਨੂੰ ਬਹੁਤ ਸੰਜੀਦਗੀ ਨਾਲ ਲਿਆ ਜਾ ਰਿਹਾ ਹੈ।


OASIS WINDOWS INC.

OASIS WINDOWS

* Quality Products * Superior Service.

Attractive, Energy Efficient And Quality Windows For Your Dream Home Or Housing Projects Or For Renovation

• VINYL WINDOWS • CUSTOM MADE TO YOUR SPECIFICATIONS
• GARDEN WINDOWS • PATIO DOORS & SKYLIGHTS • FREE ESTIMATES

Lifetime Limited Warranty



"We are not satisfied until you are"

Phone: (604) 597 - 5033 Fax: (604) 597 - 5029
Tollfree: 1-800-665-2350
19025-52nd Ave., Surrey, BC
Serving Alberta, British Columbia, Washington & California Since 1989
www.oasiswindows.com



TPSG
IMMIGRATION CONSULTANCY INC.
STUDY & WORK IN CANADA
We Provide All Kinds Of Immigration Services

• LMIA • PNP
• Express Entry
• Student Visa
• Study Permit
• Work Permit
• Visitor Visa
• Family Sponsorship
• Super Visa
• Permanent Resident
• Citizenship

MOVED TO NEW LOCATION

• ਐਲ.ਐਮ ਆਈ ਏ
• ਪੀ.ਐਨ.ਪੀ
• ਐਕਸਪ੍ਰੈਸ ਐਂਟਰੀ
• ਫੈਮਲੀ ਸਪਾਂਸਰਸ਼ਿਪ
• ਵਿਜ਼ਟਰ ਵੀਜ਼ਾ
• ਸੱਟਡੀ ਪਰਮਿਟ
• ਵਰਕ ਪਰਮਿਟ
• ਸੁਪਰ ਵੀਜ਼ਾ
• ਪੀ.ਆਰ
• ਸਿਟੀਜ਼ਨਸ਼ਿਪ

ਸਟਾਰਟਅੱਪ ਵੀਜ਼ਾ ਪ੍ਰੋਗਰਾਮ (ਬਿਜ਼ਨਸ)



Office: 778-590-5906
Email: tpsgimmigration@telus.net
Website: www.tpsgimmigration.com
8132 130 St., Surrey BC, V3W 8J9

Meet the best in our team of specialist and let help you get to where you want to go.


TEJINDER GREWAL: 604-837-3101

License No. 562


# FOR RENT




***Office/Warehouse***
***Corner Unit***
*around 500-2900*
*Square feet*
*available now for Rent*
*on a busy road.*
*Building includes office*
*rooms, three washrooms*
*and a kitchen.*




**Unit 101, 13463,**
**78 Avenue, Surrey,**
**Opposite ICBC Motor**
**Vehicle office**
















**For more information and inquiries call:**

**604-767-5194**

107ਵੇਂ ਜਨਮ ਦਿਨ 'ਤੇ ਵਿਸ਼ੇਸ਼

## ਗ਼ਦਰੀ ਯੋਧਿਆਂ ਦੇ 'ਤਾਰਾ ਮੰਡਲ ਦੇ ਚੰਦ'

# 'ਸਿੰਘ ਸਾਹਿਬ' ਭਾਈ ਬਲਵੰਤ ਸਿੰਘ ਖੁਰਦਪੁਰ

ਡਾ. ਗੁਰਵਿੰਦਰ ਸਿੰਘ
001-604-825-1550

ਕੈਨੇਡਾ ਦੇ ਗ਼ਦਰੀ ਬਾਬਿਆਂ ਦੇ ਸ਼ਾਨਮੱਤੇ ਇਤਿਹਾਸ ਵਿਚ ਸਿੰਘ ਸਾਹਿਬ ਭਾਈ ਬਲਵੰਤ ਸਿੰਘ ਖੁਰਦਪੁਰ ਦਾ ਵਿਸ਼ੇਸ਼ ਸਥਾਨ ਹੈ। ਗ਼ਦਰ ਪਾਰਟੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਵੱਲੋਂ ਸ਼ਹੀਦ ਭਾਈ ਬਲਵੰਤ ਸਿੰਘ ਨੂੰ ਗ਼ਦਰ ਲਹਿਰ ਦੇ ਯੋਧਿਆਂ ਦੇ 'ਤਾਰਾ ਮੰਡਲ ਦਾ ਚੰਦ' ਕਹਿ ਕੇ ਸਤਿਕਾਰਿਆ ਗਿਆ ਹੈ। ਮਹਾਨ ਵਿਵੇਕਵਾਨ ਭਾਈ ਸਾਹਿਬ ਵੱਲੋਂ ਜਿੱਥੇ ਕੈਨੇਡਾ ਵਿਚ ਨਸਲਵਾਦ ਖ਼ਿਲਾਫ਼ ਜ਼ੋਰਦਾਰ ਸੰਘਰਸ਼ ਕੀਤਾ ਗਿਆ, ਉੱਥੇ ਭਾਰਤ ਜਾ ਕੇ ਬਸਤੀਵਾਦ ਨੂੰ ਜੜ੍ਹੋਂ ਪੁੱਟਣ ਲਈ, ਸ਼ਹੀਦੀ ਪਾਉਂਦਿਆਂ ਸੁਨਹਿਰੀ ਇਤਿਹਾਸ ਰਚਿਆ ਗਿਆ। ਅੰਗਰੇਜ਼ਾਂ ਦੇ ਗੁਲਾਮ ਭਾਰਤ ਦੇ ਮੁਖੀ ਵਾਇਸਰਾਏ ਲਾਰਡ ਹਾਰਡਿੰਗ ਅੱਗੇ ਛਾਤੀ ਤਾਣ ਕੇ ਗੱਲਬਾਤ ਕਰਨ ਵਾਲਾ ਸ਼ਖਸ ਕੈਨੇਡਾ ਦੇ ਪਹਿਲੇ ਗੁਰਦੁਆਰਾ ਸਾਹਿਬ ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਦਾ ਪਹਿਲਾ ਗ੍ਰੰਥੀ ਸਿੰਘ ਸੀ। ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ 'ਗ੍ਰੰਥੀ ਸਿੰਘ' ਦੇ ਰੁਤਬੇ 'ਤੇ ਸੁਸ਼ੋਭਿਤ ਹੋਣ ਵਾਲੀਆਂ ਸ਼ਖ਼ਸੀਅਤਾਂ ਦੀ ਕੁਰਬਾਨੀਆਂ ਭਰੀ ਸ਼ਾਹਦਤ ਦਾ ਕਿੰਨਾ ਮਹਾਨ ਇਤਿਹਾਸ ਹੈ। ਅੱਜ ਲੋੜ ਹੈ ਕਿ ਧਾਰਮਿਕ ਅਸਥਾਨਾਂ ਉੱਪਰ ਕਾਬਜ਼ ਪ੍ਰਬੰਧਕ ਅਤੇ ਪ੍ਰਚਾਰਕ ਸ਼੍ਰੇਣੀ, 'ਅੱਜ ਦੇ ਓਡਵਾਇਰਾਂ' ਖ਼ਿਲਾਫ਼ ਏਨੀ ਬਹਾਦਰੀ ਨਾਲ ਬੋਲਣ ਦੀ ਹਿੰਮਤ ਰੱਖੇ, ਨਾ ਕਿ ਅਰੂੜ ਸਿੰਘ ਵਰਗਿਆਂ ਵਾਂਗ ਗੋਡੇ ਟੇਕੇ। ਸ਼ਹੀਦ ਭਾਈ ਬਲਵੰਤ ਸਿੰਘ ਦੀ ਸ਼ਹਾਦਤ ਮੌਜੂਦਾ ਸਮੇਂ ਅਤੇ ਸਥਿਤੀ ਵਿੱਚ ਵੀ ਓਨੀ ਹੀ ਪ੍ਰਸੰਗਿਕ ਹੈ, ਜਿਨੀ ਇੱਕ ਸਦੀ ਪਹਿਲਾਂ ਸੀ। ਦੁਖਾਂਤ ਇਸ ਗੱਲ ਦਾ ਹੈ ਕਿ ਅਜੇ ਤੱਕ ਨਾ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਵਿੱਚ ਹੀ ਅਤੇ ਨਾ ਹੀ ਪੰਜਾਬ ਦੇ ਸੰਘਰਸ਼ ਲਈ ਇਤਿਹਾਸ ਵਿੱਚ, ਭਾਈ ਬਲਵੰਤ ਸਿੰਘ ਨੂੰ ਬਾਰੇ ਕੁਝ ਲਿਖਿਆ ਮਿਲਦਾ ਹੈ। ਸਿਆਸੀ ਆਗੂਆਂ ਦੇ ਜਨਮ- ਮੌਤ ਵਾਲੇ ਦਿਨ 'ਤੇ ਇਸ਼ਤਿਹਾਰ ਜਾਰੀ ਕਰਨ ਵਾਲੀ ਪੰਜਾਬ ਸਰਕਾਰ ਵੱਲੋਂ, ਅੱਜ ਤਕ ਸ਼ਹੀਦ ਭਾਈ ਬਲਵੰਤ ਸਿੰਘ ਖੁਰਦਪੁਰ ਦੇ ਸ਼ਹੀਦੀ ਦਿਨ 'ਤੇ ਕੋਈ ਸੂਚਨਾ ਜਾਂ ਇਸ਼ਤਿਹਾਰ ਨਹੀਂ ਜਾਰੀ ਕੀਤਾ ਗਿਆ। ਅੰਗਰੇਜ਼ਾਂ ਤੋਂ ਮੁਆਫ਼ੀਆਂ ਮੰਗਣ ਵਾਲੇ 'ਸਵਰਕਰ' ਨੂੰ ਆਜ਼ਾਦੀ ਦਾ ਨਾਇਕ ਪੇਸ਼ ਕਰਨ ਵਾਲੀ, ਅੱਜ ਦੀ ਫਾਸ਼ੀਵਾਦੀ ਭਾਰਤ ਸਰਕਾਰ ਤੋਂ ਤਾਂ ਸ਼ਹੀਦ ਬਲਵੰਤ ਸਿੰਘ ਖੁਰਦਪੁਰ ਨੂੰ ਮਹਾਨ ਯੋਧਾ ਕਰਾਰ ਦੇਣ ਦੀ ਆਸ ਰੱਖਣਾ ਹੀ ਗ਼ਲਤ ਹੈ। ਦਰਅਸਲ ਭਾਈ ਸਾਹਿਬ ਦੀ ਸ਼ਹਾਦਤ, ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਹੁੰਦਿਆਂ, ਉਸ ਵੇਲੇ ਦੇ ਰਾਜਸੀ ਮੁਖੀਆਂ ਨੂੰ ਚੁਣੌਤੀ ਦਿੰਦਿਆਂ, ਸਮੁੱਚੇ ਗਦਰ ਲਹਿਰ ਦੇ ਇਤਿਹਾਸ ਵਿੱਚ ਵਿਲੱਖਣ ਮਾਰਗ ਦਰਸ਼ਕ ਕਹੀ ਜਾ ਸਕਦੀ ਹੈ।


ਪੰਜਾਬ ਦੇ ਪਿੰਡ ਖੁਰਦਪੁਰ, ਜ਼ਿਲ੍ਹਾ ਜਲੰਧਰ ਵਿਖੇ ਭਾਈ ਬਲਵੰਤ ਸਿੰਘ ਦਾ ਜਨਮ 15 ਸਤੰਬਰ 1882 ਨੂੰ ਭਾਈ ਬੁੱਧ ਸਿੰਘ ਅਟਵਾਲ ਦੇ ਗ੍ਰਹਿ ਵਿਖੇ ਹੋਇਆ। ਆਪ ਨੇ ਆਦਮਪੁਰ ਤੋਂ ਅੱਠਵੀਂ ਤੱਕ ਪੜ੍ਹਾਈ ਕਰਨ ਮਗਰੋਂ ਕੁਝ ਸਮਾਂ ਫ਼ੌਜ ਵਿੱਚ ਨੌਕਰੀ ਵੀ ਕੀਤੀ, ਪਰ ਸੰਤ ਕਰਮ ਸਿੰਘ ਜੀ ਦੀ ਸੰਗਤ ਮਗਰੋਂ ਧਾਰਮਿਕ ਪ੍ਰਭਾਵ ਕਾਰਨ ਇਹ ਨੌਕਰੀ ਛੱਡ ਦਿੱਤੀ ਤੇ ਕੁਝ ਸਮੇਂ ਮਗਰੋਂ 1906 ਵਿੱਚ ਕੈਨੇਡਾ ਆ ਗਏ। ਇੱਥੇ ਹੀ 28 ਜੂਨ 1908 ਵਿੱਚ ਖਾਲਸਾ ਦੀਵਾਨ ਸੁਸਾਇਟੀ ਦੇ ਪਹਿਲੇ ਪ੍ਰਧਾਨ ਭਾਈ ਭਾਗ ਸਿੰਘ ਭਿੱਖੀਵਿੰਡ ਜੀ ਨਾਲ, ਇਕੱਠਿਆਂ ਅੰਮ੍ਰਿਤਪਾਨ ਕੀਤਾ। ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਕੈਨੇਡਾ ਦਾ ਮੁੱਢ ਬੰਨਦਿਆਂ ਭਾਈ ਸਾਹਿਬ ਨੇ ਕੈਨੇਡਾ ਅਤੇ ਉੱਤਰੀ ਅਮਰੀਕਾ 'ਚ ਨਾ ਸਿਰਫ ਪਹਿਲਾ ਸਿੱਖੀ ਪ੍ਰਚਾਰ ਦਾ ਕੇਂਦਰ ਹੀ ਸਥਾਪਿਤ ਕੀਤਾ, ਬਲਕਿ ਨਸਲਵਾਦ ਅਤੇ ਬਸਤੀਵਾਦ ਖ਼ਿਲਾਫ਼ ਇਕਮੁੱਠ ਹੋ ਕੇ ਸੰਘਰਸ਼ ਦਾ ਸਾਂਝਾ ਕੇਂਦਰ ਵੀ ਸਿਰਜਿਆ। ਸ਼ਹੀਦ ਬਲਵੰਤ ਸਿੰਘ ਖੁਰਦਪੁਰ ਦੀ ਸਾਰੀ ਜ਼ਿੰਦਗੀ ਸੰਘਰਸ਼ ਭਰਪੂਰ ਰਹੀ। ਉਨ੍ਹਾਂ 1908 ਵਿੱਚ ਕੈਨੇਡਾ ਦੀ ਬ੍ਰਿਟਿਸ਼ ਸਰਕਾਰ ਵੱਲੋਂ ਭਾਰਤੀਆਂ ਨੂੰ ਇੱਥੋਂ ਕੱਢ ਕੇ ਹਾਂਡੂਰਾਸ ਭੇਜਣ ਦੀ ਸਾਜ਼ਿਸ਼ ਖ਼ਿਲਾਫ਼ ਸੰਘਰਸ਼ ਕੀਤਾ ਅਤੇ ਪ੍ਰਿੰਸੀਪਲ ਸੰਤ ਤੇਜਾ ਸਿੰਘ ਨਾਲ ਮਿਲ ਕੇ ਨਾਕਾਮ ਕੀਤਾ। ਅੱਜ ਜੇਕਰ ਭਾਰਤੀ ਇਮੀਗ੍ਰੇਂਟ ਕੈਨੇਡਾ ਵਿੱਚ ਵਸੇ ਹੋਏ ਹਨ, ਤਾਂ ਇਹ ਭਾਈ ਬਲਵੰਤ ਸਿੰਘ ਜੀ ਦੀ ਦੇਣ ਹੈ।

ਦੂਸਰਾ, ਕੈਨੇਡਾ ਵਿੱਚ ਇੰਡੀਅਨ ਲੋਕਾਂ ਦੇ ਪਰਿਵਾਰਾਂ ਨੂੰ ਆਉਣ ਦੀ ਆਗਿਆ ਨਹੀਂ ਸੀ, ਜਦਕਿ ਹੋਰ ਮੁਲਕਾਂ ਤੋਂ ਲੋਕ ਪਰਿਵਾਰਾਂ ਸਮੇਤ ਆ ਵਸੇ ਸਨ। ਇਸ ਖ਼ਿਲਾਫ਼ ਵੀ ਸੰਘਰਸ਼ ਦਾ ਮੁੱਢ ਵੀ ਭਾਈ ਬਲਵੰਤ ਸਿੰਘ ਅਤੇ ਭਾਈ ਭਾਗ ਸਿੰਘ ਨੇ ਬੰਨ੍ਹਿਆ ਅਤੇ 21 ਜਨਵਰੀ 1912 ਨੂੰ ਅਨੇਕਾਂ ਕਸ਼ਟ ਝੱਲ ਕੇ ਆਪਣੇ ਪਰਿਵਾਰਾਂ ਨੂੰ ਲੈ ਕੇ ਵੈਨਕੂਵਰ ਪੁੱਜੇ, ਹਾਲਾਂਕਿ ਭਾਈ ਸਾਹਿਬ ਦੀ ਪਤਨੀ ਬੀਬੀ ਕਰਤਾਰ ਕੌਰ ਅਤੇ ਦੋ ਪੁੱਤਰੀਆਂ ਚਾਰ ਸਾਲਾ ਊਧਮ ਕੌਰ ਦੇ ਇੱਕ ਸਾਲਾ ਨਿਰੰਜਣ ਕੌਰ ਨੂੰ ਕੈਨੇਡਾ ਦੀ ਧਰਤੀ ਤੇ ਉਤਰਨ ਨਾ ਦਿੱਤਾ ਗਿਆ ਅਤੇ ਇੱਥੋਂ ਵਾਪਸ ਮੋੜਨ ਦੇ ਹੁਕਮ ਦਿੱਤੇ, ਪਰ ਵੈਨਕੂਵਰ ਦੇ ਸਿੱਖਾਂ ਦੇ ਤਿੱਖੇ ਸੰਘਰਸ਼ ਅਤੇ ਭਾਈ ਬਲਵੰਤ ਸਿੰਘ ਅਤੇ ਭਾਈ ਭਾਗ ਸਿੰਘ ਦੀ ਸੂਝਬੂਝ ਸਦਕਾ, ਇਮੀਗਰੇਸ਼ਨ ਵਿਭਾਗ ਨੂੰ ਗੋਡੇ ਟੇਕਣੇ ਪਏ ਅਤੇ ਪਰਿਵਾਰਾਂ ਨੂੰ 3 ਜੂਨ 1912 ਨੂੰ ਕੈਨੇਡੀਅਨ ਸਰਕਾਰ ਵੱਲੋਂ ਆਖਰਕਾਰ, ਕੈਨੇਡਾ ਵਿੱਚ ਦਾਖ਼ਲ ਹੋਣ ਦਿੱਤਾ ਗਿਆ

ਭਾਈ ਸਾਹਿਬ ਦੇ ਪਰਿਵਾਰ ਦੇ ਕੈਨੇਡਾ ਆਉਣ ਨਾਲ ਨਾ ਸਿਰਫ ਆਰਜ਼ੀ ਰੂਪ ਵਿੱਚ ਇਸਤਰੀਆਂ ਤੇ ਪਰਿਵਾਰਾਂ ਦੀ ਆਮਦ ਦਾ ਮੁੱਢ ਬੱਝਿਆ, ਬਲਕਿ 28 ਅਗਸਤ 1912 ਨੂੰ ਆਪ ਜੀ ਦੇ ਗ੍ਰਹਿ ਵਿਖੇ ਬੀਬੀ ਕਰਤਾਰ ਕੌਰ ਦੀ ਕੁੱਖੋਂ ਜਨਮਿਆ ਬੱਚਾ ਹਰਦਿਆਲ ਸਿੰਘ 'ਕੈਨੇਡਾ ਦੀ ਧਰਤੀ ਤੇ ਪੈਦਾ ਹੋਣ ਵਾਲਾ ਪਹਿਲਾ ਸਿੱਖ' ਅਤੇ ਅਣਵੰਡੇ ਭਾਰਤ ਤੋਂ ਪਰਵਾਸ ਕਰਕੇ ਆਏ ਪਰਿਵਾਰ ਦਾ ਪਹਿਲਾ ਬਾਲਕ ਵੀ ਬਣਿਆ। ਪਰਿਵਾਰ ਦੇ ਇਸ ਆਰਜ਼ੀ ਪ੍ਰਵਾਸ ਮਗਰੋਂ ਵੀ ਭਾਈ ਸਾਹਿਬ ਨੇ ਕੈਨੇਡਾ 'ਚ ਇਮੀਗ੍ਰੇਂਟ ਪਰਿਵਾਰਾਂ ਲਈ ਬੂਹੇ ਖੋਲ੍ਹਣ ਵਾਸਤੇ ਲੰਮਾ ਸੰਘਰਸ਼ ਕੀਤਾ, ਜਿਸ ਲਈ ਇਤਿਹਾਸ ਸਦਾ ਹੀ ਆਪ ਜੀ ਦਾ ਰਿਣੀ ਰਹੇਗਾ। ਅੱਜ ਤੋਂ ਇੱਕ ਸਦੀ ਪਹਿਲਾਂ ਜਦੋਂ ਕੈਨੇਡਾ ਵਿੱਚ



ਮਨੁੱਖੀ ਅਧਿਕਾਰਾਂ ਦਾ ਸ਼ੋਸ਼ਣ ਹੋ ਰਿਹਾ ਸੀ ਅਤੇ ਪਰਵਾਸੀ ਲੋਕਾਂ ਨੂੰ ਸਸਕਾਰ ਕਰਨ ਤੋਂ ਵੀ ਰੋਕ ਦਿੱਤਾ ਜਾਂਦਾ ਸੀ, ਲੋਕ ਲੁੱਕ- ਛਿਪ ਕੇ ਜੰਗਲ ਵਿੱਚ ਦੂਰ- ਦੁਰਾਡੇ ਬਰਫ਼ ਤੇ ਮੀਂਹ ਪੈਂਦਿਆਂ ਮ੍ਰਿਤਕ ਦਾ ਸਸਕਾਰ ਕਰਦੇ ਸਨ, ਉਸ ਵੇਲੇ ਭਾਈ ਬਲਵੰਤ ਸਿੰਘ ਨੇ ਹੋਰਨਾਂ ਆਗੂਆਂ ਨਾਲ ਮਿਲ ਕੇ ਸ਼ਮਸ਼ਾਨ ਭੂਮੀ ਲਈ ਕੁਝ ਜਗ੍ਹਾ ਜ਼ਮੀਨ ਖਰੀਦੀ ਅਤੇ ਸਸਕਾਰ ਕਰਨ ਦਾ ਇੰਤਜ਼ਾਮ ਕਰਕੇ




ਸਭਨਾਂ ਨੂੰ ਵੱਡੀ ਰਾਹਤ ਦਿਵਾਈ।

ਜਿਸ ਵੇਲੇ 'ਗ਼ਦਰ ਪਾਰਟੀ' ਦਾ ਉੱਤਰੀ ਅਮਰੀਕਾ ਵਿੱਚ ਅਜੇ ਮੁੱਢ ਬੰਨ੍ਹਿਆ ਜਾ ਰਿਹਾ ਸੀ, ਉਸ ਵੇਲੇ ਭਾਈ ਸਾਹਿਬ ਦੀ ਅਗਵਾਈ ਵਿੱਚ 14 ਮਾਰਚ 1913 ਨੂੰ ਤਿੰਨ ਮੈਂਬਰੀ ਵਫਦ, ਲੰਡਨ ਅਤੇ ਭਾਰਤ ਜਾ ਕੇ, ਅੰਗਰੇਜ਼ ਸਾਮਰਾਜ ਦੇ ਅਸਲ ਚਿਹਰੇ ਨੂੰ ਨੰਗਾ ਕਰਨ ਦਾ ਸੰਘਰਸ਼ ਸ਼ੁਰੂ ਕਰ ਚੁੱਕਿਆ ਸੀ। ਇਸ ਵਫ਼ਦ ਵਿੱਚ ਭਾਈ ਸਾਹਿਬ ਦੇ ਸਹਿਯੋਗੀ ਅਮਰੀਕਾ ਤੋਂ ਸਿੱਖ ਪ੍ਰਤੀਨਿਧ ਨੰਦ ਸਿੰਘ ਸੀਹਰਾ ਅਤੇ ਕੈਨੇਡਾ ਤੋਂ ਭਾਈ ਨਰੈਣ ਸਿੰਘ ਚੋਬਦਾਰ ਸਨ। ਇਨ੍ਹਾਂ 13 ਸਤੰਬਰ 1913 ਤੱਕ ਲੰਡਨ ਤੋਂ ਲੈ ਕੇ ਭਾਰਤ ਅਤੇ ਪੰਜਾਬ ਦੇ ਕੋਨੇ -ਕੋਨੇ ਵਿੱਚ ਆਵਾਜ਼ ਉਠਾਈ। ਸੂਝਵਾਨ ਲੀਡਰ, ਬੁਲੰਦ ਆਵਾਜ਼ ਦੇ ਮਾਲਕ ਅਤੇ ਦੂਰ -ਅੰਦੇਸ਼ ਆਗੂ ਭਾਈ ਬਲਵੰਤ ਸਿੰਘ ਖੁਰਦਪੁਰ ਨੇ ਜਦ ਬ੍ਰਿਟਿਸ਼ ਬਸਤੀਵਾਦ ਅਤੇ ਅੰਗਰੇਜ਼ ਸਾਮਰਾਜ ਦੀਆਂ ਬਦਨੀਤੀਆਂ, ਮਨੁੱਖੀ ਅਧਿਕਾਰਾਂ ਦੇ ਘਾਣ ਦੀ ਗੱਲ 18 ਸਤੰਬਰ 1913 ਨੂੰ, ਸ਼ਿਮਲੇ 'ਚ ਇੱਕ ਮੀਟਿੰਗ ਦੌਰਾਨ, ਉਸ ਵੇਲੇ ਦੇ ਪੰਜਾਬ ਦੇ ਲੈਫਟੀਨੈਂਟ ਗਵਰਨਰ ਮਾਈਕਲ ਓਡਵਾਇਰ ਦੇ ਮੂੰਹ 'ਤੇ ਕੀਤੀ ਸੀ, ਤਾਂ ਉਸ ਨੂੰ ਜਿਵੇਂ ਦੰਦਲ ਹੀ ਪੈ ਗਈ ਸੀ। ਇਸੇ ਹੀ ਕਾਰਨ ਉਸ ਨੇ ਆਪਣੀ ਕਿਤਾਬ 'ਇੰਡੀਆ ਐਜ਼ ਆਈ ਨਿਊ' ਦੇ ਪੰਨਾ 191'ਤੇ ਲਿਖਿਆ ਕਿ ਮੁਲਾਕਾਤੀਆਂ ਵਿੱਚੋਂ 'ਤੀਸਰੇ ਬੰਦੇ' (ਭਾਈ ਬਲਵੰਤ ਸਿੰਘ ਖੁਰਦਪੁਰ) ਦੇ ਤਰੀਕੇ 'ਖ਼ਤਰਨਾਕ' ਬਾਗ਼ੀ ਵਰਗੇ ਸਨ ਤੇ ਉਸ ਵਾਇਸਰਾਏ ਨੂੰ ਮਿਲਣ ਜਾ ਰਹੇ ਸੀ, ਜਿਸ ਤੋਂ ਖਾਸ ਤੌਰ 'ਤੇ 'ਇਸ ਮੈਂਬਰ' ਪ੍ਰਤੀ ਸਾਵਧਾਨੀ ਵਰਤਣ ਲਈ ਕਿਹਾ ਗਿਆ।

5 ਅਕਤੂਬਰ 1913 ਨੂੰ ਭਾਰਤ ਦੇ ਵਾਇਸਰਾਏ ਲਾਰਡ ਹਾਰਡਿੰਗ ਨਾਲ ਭਾਈ ਬਲਵੰਤ ਸਿੰਘ ਦੀ ਅਗਵਾਈ ਵਿੱਚ ਕੈਨੇਡਾ ਤੋਂ ਆਏ ਵਫ਼ਦ ਨੇ ਮੁਲਾਕਾਤ ਕੀਤੀ ਅਤੇ ਇਮੀਗ੍ਰੇਸ਼ਨ ਦੀਆਂ ਕਾਲੀਆਂ ਨੀਤੀਆਂ, ਨਸਲੀ ਵਿਤਕਰੇ, ਧੱਕੇਸ਼ਾਹੀਆਂ ਅਤੇ ਜਬਰ- ਜ਼ੁਲਮ ਬਾਰੇ ਨਿਡਰਤਾ ਨਾਲ ਵਿਚਾਰ ਰੱਖੇ। ਚਾਹੇ ਉਸ ਵੇਲੇ ਪੰਜਾਬ ਦੇ ਜਾਗਰੂਕ ਲੋਕਾਂ, ਲੋਕ ਪੱਖੀ ਮੀਡੀਆ ਅਤੇ ਆਮ ਵਿਅਕਤੀਆਂ ਨੇ ਉਨ੍ਹਾਂ ਦਾ ਸਾਥ ਦਿੱਤਾ, ਪਰ ਅਖੌਤੀ ਰਾਸ਼ਟਰਵਾਦੀ ਅਤੇ ਫਰੰਗੀਆਂ ਦੇ ਝੋਲੀ ਚੁੱਕਾਂ ਨੇ ਵਿਰੋਧ ਹੀ ਕੀਤਾ। ਗ਼ਦਰੀ ਸੂਰਮਿਆਂ ਦੇ ਅਖ਼ਬਾਰ 'ਕਿਰਤੀ' 1926 ਦੇ ਅੰਕ ਦੇ ਪੰਨਾ 14 ਉੱਪਰ ਲਿਖਿਆ ਹੈ ਕਿ ਰਾਸ਼ਟਰਵਾਦੀ ਆਗੂ ਲਾਲਾ ਲਾਜਪਤ ਰਾਏ ਨੇ ਭਾਈ ਬਲਵੰਤ ਸਿੰਘ ਹੁਰਾਂ ਵੱਲੋਂ ਅੰਗਰੇਜ਼ਾਂ ਖ਼ਿਲਾਫ਼ ਕੀਤੇ ਸੰਘਰਸ਼ ਨੂੰ 'ਕੇਵਲ ਸਿੱਖਾਂ ਦਾ ਮਸਲਾ' ਕਹਿਕੇ ਉਹਨਾਂ ਦਾ ਸਾਥ ਦੇਣੋਂ ਨਾਂਹ ਕਰ ਦਿੱਤੀ। ਦੂਜੇ ਪਾਸੇ ਚੀਫ਼ ਖਾਲਸਾ ਦੀਵਾਨ ਵਿਚਲੇ ਅੰਗਰੇਜ਼ਾਂ ਦੇ ਪਿੱਠੂਆਂ ਨੇ ਵੀ ਭਾਈ ਸਾਹਿਬ ਦੇ ਇਤਿਹਾਸਕ ਯਤਨਾਂ ਦੀ ਵਿਰੋਧਤਾ ਕਰਕੇ ਕੌਮ ਦੀ ਪਿੱਠ 'ਚ ਛੁਰਾ ਮਾਰਿਆ। ਇਸੇ ਕਾਰਨ ਹੀ ਕੁਝ ਸਮਾਂ ਮਗਰੋਂ ਸਿੱਖ ਸੰਗਤਾਂ ਵੱਲੋਂ ਗੁਰਮਤਾ ਕਰਕੇ ਅਜਿਹੇ ਵਿਅਕਤੀਆਂ ਨੂੰ ਪੰਥ ਅਤੇ ਕੌਮ ਦੇ ਗ਼ਦਾਰ ਐਲਾਨਿਆ ਗਿਆ।


ਇਤਿਹਾਸਕ ਸਰੋਤਾਂ ਅਨੁਸਾਰ ਇਨ੍ਹਾਂ ਗੁਰਮਤਿਆਂ ਨੂੰ ਸਰਬ-ਸੰਮਤੀ ਨਾਲ ਪ੍ਰਵਾਨ ਕਰਦਿਆਂ ਗਦਰੀ ਯੋਧਿਆਂ, ਕਾਮਾਗਾਟਾ ਮਾਰੂ ਦੇ ਮੁਸਾਫਰਾਂ, ਕੈਨੇਡਾ ਤੋਂ ਆਏ ਸਿੱਖ ਜੱਥਿਆਂ ਤੇ ਭਾਈ ਬਲਵੰਤ ਸਿੰਘ ਖੁਰਦਪੁਰ ਅਤੇ ਹੋਰਨਾਂ ਸ਼ਖ਼ਸੀਅਤਾਂ ਦੀ ਬਹਾਦਰੀ ਦੀ ਭਰਪੂਰ ਪ੍ਰਸ਼ੰਸਾ ਕੀਤੀ ਗਈ। ਨਾਲ ਹੀ ਸੁੰਦਰ ਸਿੰਘ ਮਜੀਠੀਏ, ਅਰੂੜ ਸਿੰਘ ਸਰਬਰਾਹ ਅਤੇ ਗੁਰਬਖਸ਼ ਸਿੰਘ ਸਕੱਤਰ ਸਿੱਖ ਲੀਗ ਵਰਗਿਆਂ ਨੂੰ ਤਨਖਾਹੀਏ ਕਰਾਰ ਦੇ ਕੇ, ਉਨ੍ਹਾਂ ਨੂੰ 'ਭਾਈ' ਜਾਂ 'ਸਰਦਾਰ' ਸ਼ਬਦ ਨਾਲ ਸੰਬੋਧਨ ਨਾ ਕਰਨ ਵਾਸਤੇ ਕਿਹਾ ਗਿਆ। ਇਸ ਤੋਂ ਇਲਾਵਾ ਮਹਾਰਾਜਾ ਪਟਿਆਲਾ ਵੱਲੋਂ ਮਾਈਕਲ ਓਡਵਾਇਰ ਫੰਡ ਵਿੱਚ, 'ਵੀਹ ਹਜ਼ਾਰ ਰੁਪਏ' ਜਮ੍ਹਾਂ ਕਰਵਾਉਣ ਦੀ ਕਾਰਵਾਈ ਲਈ ਲਾਹਨਤਾ ਪਾਈਆਂ ਗਈਆਂ। 'ਸਰ' ਸੁੰਦਰ ਸਿੰਘ ਮਜੀਠੀਆ ਮਾਈਕਲ ਓਡਵਾਇਰ ਲਈ ਫੰਡ ਇਕੱਠਾ ਕਰਨ ਵਾਲੀ ਕਮੇਟੀ ਦਾ ਮੁਖੀ ਸੀ।

ਭਾਈ ਬਲਵੰਤ ਸਿੰਘ ਖੁਰਦਪੁਰ ਨੇ ਕੈਨੇਡਾ ਵਾਪਸ ਪਰਤਦਿਆਂ ਆਪਣੇ ਮਿੱਤਰ ਭਾਈ ਹਰਚੰਦ ਸਿੰਘ ਲਾਇਲਪੁਰੀ ਨੂੰ ਪੱਤਰ ਲਿਖਕੇ ਚੀਫ਼ ਖ਼ਾਲਸਾ ਦੀਵਾਨ ਨਾਲੋਂ ਨਾਤਾ ਤੋੜਨ ਅਤੇ ਅੰਗਰੇਜ਼ ਹਕੂਮਤ ਦਾ ਡਟਵਾਂ ਵਿਰੋਧ ਕਰਨ ਦੀ ਹਦਾਇਤ ਕੀਤੀ ਸੀ। ਕੈਨੇਡਾ ਵਾਪਸੀ ਦੌਰਾਨ ਆਪ ਕਾਮਾਗਾਟਾ ਮਾਰੂ 'ਗੁਰੂ ਨਾਨਕ ਜਹਾਜ਼' ਦੇ ਮੁਸਾਫ਼ਰਾਂ ਅਤੇ ਮੁਖੀ ਭਾਈ ਗੁਰਦਿੱਤ ਸਿੰਘ ਸਰਹਾਲੀ ਨੂੰ ਵੀ ਮਿਲੇ ਅਤੇ ਜਹਾਜ਼ ਦੇ ਕੈਨੇਡਾ ਪੁੱਜਣ ਤੋਂ ਦੋ ਦਿਨ ਪਹਿਲਾਂ ਵੈਨਕੂਵਰ ਪਹੁੰਚ ਗਏ। ਮੁਸਾਫ਼ਰਾਂ ਦੀ ਸਹਾਇਤਾ ਲਈ ਬਣੀ 'ਸ਼ੋਅਰ ਕਮੇਟੀ' ਵਿੱਚ ਭਾਈ ਸਾਹਿਬ ਆਗੂ ਸਨ। ਜਦੋਂ ਜਬਰੀ ਜਹਾਜ਼ ਭਾਰਤ ਵਾਪਸ ਮੁੜਨ ਦਾ ਫੈਸਲਾ ਕੀਤਾ ਗਿਆ, ਤਾਂ ਭਾਈ ਸਾਹਿਬ ਆਪਣੇ ਸਾਥੀਆਂ ਸਮੇਤ 23 ਜੁਲਾਈ 1914 ਨੂੰ ਅਮਰੀਕਾ ਤੋਂ ਹਥਿਆਰ ਖ਼ਰੀਦਣ ਵਾਸਤੇ ਗਏ, ਤਾਂ ਕਿ ਜਹਾਜ਼ ਰਾਹੀਂ ਗ਼ਦਰ ਪਾਰਟੀ ਦੇ ਲੀਡਰਾਂ ਤੱਕ ਪਹੁੰਚਾਏ ਜਾ ਸਕਣ, ਪਰ ਸੂਮਸ ਬਾਰਡਰ 'ਤੇ ਇਨ੍ਹਾਂ ਗ਼ਦਰੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਜਹਾਜ਼ ਪਰਤਣ ਤੋਂ ਬਾਅਦ ਰਿਹਾਅ ਕੀਤਾ ਗਿਆ।

ਭਾਰਤ ਵਿੱਚੋਂ ਬ੍ਰਿਟਿਸ਼ ਬਸਤੀਵਾਦ ਦੇ ਖ਼ਾਤਮੇ ਦੇ ਸੰਘਰਸ਼ ਦੇ ਫੈਸਲੇ ਅਧੀਨ ਸਿੰਘ ਸਾਹਿਬ ਨੇ ਪਹਿਲੀ ਵਿਸ਼ਵ ਜੰਗ ਸ਼ੁਰੂ ਹੋਣ ਵੇਲੇ ਭਾਰਤ ਜਾਣ ਦਾ ਫੈਸਲਾ ਕਰ ਲਿਆ। ਭਾਈ ਬਲਵੰਤ ਸਿੰਘ ਦੀ ਖੁਰਦਪੁਰ ਆਪਣੇ ਸਾਥੀਆਂ ਭਾਈ ਬਤਨ ਸਿੰਘ ਕਾਹਰੀ ਅਤੇ ਭਾਈ ਕਰਤਾਰ ਸਿੰਘ ਚੰਦ ਨਵਾਂ ਨਾਲ ਸਾਨ- ਫਰਾਂਸਿਸਕੋ ਤੋਂ 23 ਜਨਵਰੀ 1915 ਨੂੰ ਰਵਾਨਾ ਹੋਏ ਅਤੇ ਅਨੇਕਾਂ ਚੁਣੌਤੀਆਂ ਮਗਰੋਂ 13 ਜੁਲਾਈ ਨੂੰ ਬੈਂਕਾਕ ਪੁੱਜੇ। ਇਤਿਹਾਸਕਾਰਾਂ ਅਨੁਸਾਰ ਆਪ ਬੈਂਕਾਕ ਦੇ ਹਸਪਤਾਲ 'ਚ ਜ਼ੇਰੇ ਇਲਾਜ ਸਨ, ਜਦੋਂ ਸ਼ਿਆਮ ਪੁਲਿਸ ਨੇ ਆਪ ਨੂੰ ਗ੍ਰਿਫਤਾਰ ਕਰ ਲਿਆ ਅਤੇ ਅੰਗਰੇਜ਼ਾਂ ਨੂੰ ਸੌਂਪ ਦਿੱਤਾ, ਜੋ ਕਿ ਕੌਮਾਂਤਰੀ ਪੱਧਰ 'ਤੇ ਨਿਯਮਾਂ ਦੀ ਸਖ਼ਤ ਉਲੰਘਣਾ ਸੀ। ਅੰਗਰੇਜ਼ ਹਕੂਮਤ ਨੇ ਪਹਿਲਾਂ ਸਿੰਗਾਪੁਰ ਅਤੇ ਫਿਰ ਕਲਕੱਤੇ ਸਥਿਤ ਅਲੀਪੁਰ ਜੇਲ੍ਹ ਵਿੱਚ ਭਾਈ ਸਾਹਿਬ 'ਤੇ ਭਾਰੀ ਤਸ਼ੱਦਦ ਕੀਤਾ। ਜੁਲਾਈ 1916 ਵਿੱਚ ਆਪ ਨੂੰ ਪੰਜਾਬ ਲਿਜਾ ਕੇ 'ਲਾਹੌਰ ਸੈਕਿੰਡ ਸਪਲੀਮੈਂਟਰੀ ਸਾਜ਼ਿਸ਼' ਮੁਕੱਦਮੇ ਅਧੀਨ ਪੇਸ਼ ਕੀਤਾ ਗਿਆ। ਬੇਲਾ ਜਿਆਣ ਗ਼ੱਦਾਰ ਵੈਨਕੂਵਰ ਦੇ ਸਾਥੀ 'ਟਾਊਟ ਗੰਗਾ ਰਾਮ' ਦੇ ਭਰਾ ਅਮਨ ਸਹੋਤਾ, ਮੰਗਲ ਜਿਆਣ ਅਤੇ ਬੇਅੰਤ ਸਿੰਘ ਨਾਲ ਮਿਲ ਕੇ ਝੂਠੀਆਂ ਗਵਾਹੀਆਂ ਦਿੱਤੀਆਂ, ਜਿਨ੍ਹਾਂ ਦੇ ਆਧਾਰ ਤੇ ਭਾਈ ਸਾਹਿਬ ਨੂੰ ਅੰਗਰੇਜ਼ ਹਕੂਮਤ ਦਾ ਤਖ਼ਤਾ ਪਲਟਾਉਣ ਅਤੇ ਗ਼ਦਰ ਮਚਾਉਣ ਵਾਲੇ ਲੋਕਾਂ ਦੇ ਆਗੂ ਵਜੋਂ ਭਾਰਤ 'ਚ ਬਗਾਵਤ ਤੇ ਕਤਲ ਕਰਵਾਉਣ ਦਾ ਜ਼ਿੰਮੇਵਾਰ ਕਰਾਰ ਦਿੰਦਿਆਂ, ਇੰਡੀਅਨ ਪੈਨਲ ਕੋਡ ਅਨੁਸਾਰ ਸਜ਼ਾ- ਏ -ਮੌਤ ਸੁਣਾਈ ਗਈ ਅਤੇ ਸਾਰੀ ਜ਼ਮੀਨ ਜਾਇਦਾਦ ਜ਼ਬਤ ਕਰਨ ਦੇ ਹੁਕਮ ਦਿੱਤੇ ਗਏ।

ਸਿੰਘ ਸਾਹਿਬ ਸ਼ਹਾਦਤ ਪਾਉਣ ਤੱਕ ਚੜ੍ਹਦੀ ਕਲਾ ਵਿੱਚ ਰਹੇ। ਉਨ੍ਹਾਂ ਦੀ ਇਹ ਸ਼ਬਦ ਜ਼ਿਕਰਯੋਗ ਹਨ : "ਰਾਜਸੀ ਮੌਤ ਮਰਨ ਨਾਲ ਮੈਨੂੰ ਖੁਸ਼ੀ ਹੈ ਅਤੇ ਮੈਨੂੰ ਇਸ ਦਾ ਜ਼ਰਾ ਜਿੰਨਾ ਵੀ ਭੈਅ ਨਹੀਂ।" 29 ਮਾਰਚ 1917 ਨੂੰ ਜਦੋਂ ਭਾਈ ਬਲਵੰਤ ਸਿੰਘ ਖੁਰਦਪੁਰ ਨੂੰ ਫਾਂਸੀ ਦੇ ਕੇ ਸ਼ਹੀਦ ਕੀਤਾ ਜਾ ਚੁੱਕਿਆ ਸੀ, ਉਸ ਤੋਂ ਇੱਕ ਰਾਤ ਬਾਅਦ ਉਨ੍ਹਾਂ ਦੀ ਪਤਨੀ ਬੀਬੀ ਕਰਤਾਰ ਕੌਰ ਲਾਹੌਰ ਜੇਲ੍ਹ ਵਿੱਚ 'ਆਖਰੀ ਮੁਲਾਕਾਤ' ਲਈ ਪਹੁੰਚੀ, ਤਦ ਉਸ ਨੂੰ ਦੱਸਿਆ ਗਿਆ ਕਿ ਕੱਲ ਭਾਈ ਸਾਹਿਬ ਨੂੰ ਫਾਂਸੀ ਦਿੱਤੀ ਜਾ ਚੁੱਕੀ ਹੈ। ਉਸ ਮੌਕੇ 'ਤੇ ਜੇਲਰ ਨੇ ਬੀਬੀ ਕਰਤਾਰ ਕੌਰ ਨੂੰ ਭਾਈ ਸਾਹਿਬ ਜੀ ਦੇ ਨਿੱਜੀ ਸਾਮਾਨ ਵਿੱਚ ਜੋ ਕੁਝ ਸੌਂਪਿਆ, ਉਹ ਸੀ ਗੁਰੂ ਗ੍ਰੰਥ ਸਾਹਿਬ ਦੀ ਛੋਟੀ ਬੀੜ ਸਾਹਿਬ। ਭਾਈ ਸਾਹਿਬ ਦੇ ਜੀਵਨ ਦਾ ਹਰ ਪਹਿਲੂ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਪ੍ਰੇਰਨਾ ਲੈ ਕੇ ਜਬਰ- ਜ਼ੁਲਮ ਤਸ਼ੱਦਦ, ਗੁਲਾਮੀ ਅਤੇ ਅਣ-ਮਨੁੱਖੀ ਵਰਤਾਰੇ ਖ਼ਿਲਾਫ਼ ਲੜ- ਮਰਨ ਦਾ ਸੀ। ਜਦੋਂ ਆਪ ਜੀ ਨੂੰ ਬੈਂਕਾਕ ਵਿੱਚ ਪਹਿਲੀ ਅਗਸਤ ਸੰਨ 1915 ਨੂੰ ਗਿਫ਼ਤਾਰ ਕੀਤਾ ਗਿਆ, ਉਸ ਵੇਲੇ ਵੀ ਆਪ ਜੀ ਕੋਲੋਂ ਜੋ ਜੇਬ ਡਾਇਰੀ ਮਿਲੀ, ਉਸ ਦੇ ਬਾਹਰ ਜ਼ਫ਼ਰਨਾਮਾ ਵਿੱਚੋਂ ਇਹ ਸ਼ਬਦ ਅੰਕਿਤ ਸਨ "ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ॥ ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥" ਸ਼ਹੀਦ ਭਾਈ ਬਲਵੰਤ ਸਿੰਘ ਦੇ ਕੁਰਬਾਨੀਆਂ ਦੇ ਇਤਿਹਾਸਕ ਪੱਖਾਂ ਨੂੰ ਵੱਧ- ਚੜ ਕੇ ਪਹੁੰਚਣ ਦੀ ਲੋੜ ਹੈ, ਜਿਹਨਾਂ ਇੱਕੋ ਸਮੇਂ 'ਵਿਚਾਰਾਂ ਅਤੇ ਹਥਿਆਰਾਂ' ਦੇ ਸੰਘਰਸ਼ ਨਾਲ ਜ਼ਾਲਮ ਹਕੂਮਤ ਨੂੰ ਭਾਜੜਾਂ ਪਾਈਆਂ ਅਤੇ ਇਹ ਸਿੱਧ ਕਰ ਦਿੱਤਾ ਕਿ

"ਜਦ ਧਿਰ ਉਪਾਵਾਂ ਦੀ ਹਾਰਦੀ ਹੈ,
ਤਾਂ ਜਾਇਜ਼ ਵਰਤੋਂ ਤਲਵਾਰ ਦੀ ਹੈ।"




ਲੜੀਵਾਰ...
ਲੇਖਕ : ਗਿਆਨੀ ਕੇਵਲ ਸਿੰਘ ਨਿਰਦੋਸ਼

## ਸਭੁ ਦੇਸੁ ਪਰਾਇਆ
(ਸਵੈ-ਜੀਵਨੀ)

# ਮੁਲਾਕਾਤ 'ਨਾਮਧਾਰੀ ਮੁਖੀ ਬਾਬਾ ਜਗਜੀਤ ਸਿੰਘ ਜੀ ਨਾਲ'

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ


ਉਨ੍ਹਾਂ ਦਿਨਾਂ ਵਿੱਚ ਹਰ ਖਾਸ ਸਿੱਖ ਦੀ ਖੁਫੀਆ ਪੁਲੀਸ (ਛ.ੀ.ਧ) ਨਿਗਰਾਨੀ ਰੱਖ ਰਹੀ ਸੀ। ਕੁਰਕਸ਼ੇਤਰ ਦਾ ਪੁਲੀਸ ਕਰਮਚਾਰੀ (ਛ.ੀ.ਧ) ਜਹਾਂਗੀਰ ਅਕਸਰ ਸਾਡੇ ਫਾਰਮ ਤੇ ਆਇਆ ਰਹਿੰਦਾ। ਉਸਨੇ ਮੇਰਾ ਪਾਸਪੋਰਟ ਵੀ ਲੈ ਲਿਆ ਜੋ ਮੈਂ ਸਰਦਾਰ ਸੁਰਿੰਦਰ ਸਿੰਘ ਦੀ ਸਿਫਾਰਸ਼ ਪੁਆਕੇ ਵਾਪਸ ਲੈ ਲਿਆ। ਪਰ ਮੈਨੂੰ ਹੁਕਮ ਹੋਇਆ ਕਿ ਮੈਂ ਜਦੋਂ ਵੀ ਕੁਰਕਸ਼ੇਤਰ ਤੋਂ ਬਾਹਰ ਜਾਵਾਂ, ਤਾਂ ਉਸਨੂੰ ਦੱਸਕੇ ਜਾਵਾਂ। ਮੇਰੀ ਛੁੱਟੀ ਮੁੱਕ ਗਈ ਸੀ ਤੇ ਮੈਂ ਵਾਪਸ ਤਨਜ਼ਾਨੀਆਂ ਜਾਣਾ ਸੀ। ਪੈਨਸ਼ਨ ਮੇਰੀ ਸਰਵਿਸ ਵਾਲੀ ਚਾਲੂ ਹੋ ਚੁੱਕੀ ਸੀ ਪਰ ਮੈਡੀਕਲ ਦੀ ਨਹੀਂ ਸੀ ਹੋ ਰਹੀ। ਮੈਨੂੰ ਤਨਜ਼ਾਨੀਆਂ ਵੀ ਪੱਤਰ ਮਿਲਿਆ ਕਿ ਮੈਂ ਬੋਰਡ ਕਰਵਾਵਾਂ ਡਾਕਟਰਾਂ ਕੋਲੋਂ। ਪਰ ਮੈਨੂੰ ਡਾ: ਨੇਕੀ ਸਾਹਿਬ ਨੇ ਸੁਝਾ ਦਿੱਤਾ ਸੀ ਕਿ ਬੋਰਡ ਦੇ ਚੱਕਰ ਵਿੱਚ ਨਾ ਪਵੋਂ, ਇੰਡੀਆਂ ਦੇ ਦਾਰਾ ਸਲਾਮ ਵਿੱਚ ਹਾਈ ਕਮਿਸ਼ਨਰ ਦਾ ਸੈਕਟਰੀ ਅਮਰਾਨੀਕਰ ਤੁਹਾਡੇ ਪਿੱਛੇ ਪਿਆ ਹੋਇਆ ਹੈ। ਇਹ ਗੱਲ ਮੈਨੂੰ ਮੇਰੇ ਇੱਕ ਹੋਰ ਮਿੱਤਰ ਨੇ ਵੀ ਦੱਸੀ ਸੀ। ਕਿ ਗੁਰਦੁਆਰੇ ਵਿੱਚ ਕੀਤੀਆਂ ਤੁਹਾਡੀਆਂ ਸਪੀਚਾਂ ਸਾਰੀਆਂ ਉਨ੍ਹਾਂ ਕੋਲ ਪੁੱਜ ਰਹੀਆਂ ਹਨ। ਮੈਂ 30 ਅਕਤੂਬਰ 1984 ਨੂੰ ਇੱਕ ਟੈਲੀਗਰਾਮ ਸ੍ਰੀ ਗੁਰੂ ਸਿੰਘ ਸਭਾ ਦਾਰਾਸਲਮ ਨੂੰ ਭੇਜੀ ਕਿ ਮੈਂ 2 ਨਵੰਬਰ ਨੂੰ ਦਾਰਾਸਲਾਮ ਪੁੱਜ ਰਿਹਾ ਹਾਂ। ਕਿਉਂ ਕਿ ਉਸ ਸਾਲ ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ 4 ਨਵੰਬਰ ਨੂੰ ਆ ਰਿਹਾ ਸੀ ਤੇ ਮੇਰਾ ਉਸ ਉਪਰ ਪੁੱਜਣਾ ਅਤਿ ਲਾਜ਼ਮੀ ਸੀ। ਅਗਲੇ ਦਿਨ 31 ਅਕਤੂਬਰ ਨੂੰ ਇੰਦਰਾ ਗਾਂਧੀ ਦੇ ਦੋ ਬਾਡੀ ਗਾਰਡਾਂ (ਬੇਅੰਤ ਸਿੰਘ ਤੇ ਸਤਵੰਤ ਸਿੰਘ) ਨੇ ਉਸਨੂੰ ਗੋਲੀਆਂ ਨਾਲ ਭੁੰਨ ਦਿੱਤਾ ਸੀ। ਇਹ ਭਾਣਾ ਵਰਤਣਾ ਹੀ ਸੀ। ਹਰ ਇੱਕ ਸਿੱਖ ਦਾ ਹਿਰਦਾ ਅਕਾਲ ਤਖਤ ਨੂੰ ਢਾਹੁਣ ਕਰਕੇ ਵਲੂੰਧਰਿਆ ਪਿਆ ਸੀ। ਬੇਅੰਤ ਸਿੰਘ ਨੂੰ ਤਾਂ ਉਥੇ ਹੀ ਹੋਰ ਪੁਲਿਸ ਵਾਲਿਆਂ ਸ਼ਹੀਦ ਕਰ ਦਿੱਤਾ ਤੇ ਗੋਲੀਆਂ ਸਤਵੰਤ ਸਿੰਘ ਦੇ ਵੀ ਲੱਗੀਆਂ ਪਰ ਉਹ ਉਦੋਂ ਬਚ ਗਿਆ ਤੇ ਬਾਅਦ ਵਿੱਚ ਸ੍ਰ: ਕੇਹਰ ਸਿੰਘ ਤੇ ਸਤਵੰਤ ਸਿੰਘ ਨੂੰ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ। ਪਰ ਸਿੱਖ ਸੂਰਮੇ ਇਤਿਹਾਸ ਬਣਾ ਗਏ। ਇੱਕ ਨਵੰਬਰ ਸਵੇਰੇ ਹੀ ਪੁਲਿਸ ਸਾਡੇ ਡੇਰੇ ਆ ਗਈ। ਮੈਨੂੰ ਪੁੱਛਣ ਲੱਗੇ ਕਿ ਸਭਾ ਸਿੰਘ ਤਨਜ਼ਾਨੀਆਂ ਵਿਚ ਕੌਣ ਹੈ, ਜਿੱਥੇ ਤੂੰ ਤਾਰ ਦਿੱਤੀ ਕਿ ਮੈਂ 2 ਨਵੰਬਰ ਨੂੰ ਆ ਰਿਹਾ ਹਾਂ। ਮੈਂ ਹਰਿਆਣਾ ਪੁਲਿਸ ਨੂੰ ਦੱਸਿਆ ਕਿ ਸਭਾ ਸਿੰਘ ਨਹੀਂ, ਸਿੰਘ ਸਭਾ ਹੈ। ਜੋ ਇੱਕ ਗੁਰਦੁਆਰੇ ਦਾ ਨਾਮ ਹੈ ਜਿੱਥੇ ਮੈਂ ਜੁਲਾਈ 1981 ਤੋਂ ਡਿਊਟੀ ਕਰ ਰਿਹਾ ਹਾਂ। ਮੈਂ ਹੁਣ ਜਾਣਾ ਸੀ ਗੁਰਪੁਰਬ ਕਰਕੇ ਤਾਂ ਉਨ੍ਹਾਂ ਨੂੰ ਟੈਲੀਗਰਾਮ ਦਿੱਤੀ ਸੀ। ਮੈਂ ਸਭ ਕਾਗਜ਼ਾਤ ਦਿਖਾਲੇ ਕੰਟੈਕਟ ਦਿਖਾਲਿਆ। ਪਰ ਫਿਰ ਵੀ ਉਹ ਮੇਰਾ ਪਾਸਪੋਰਟ ਲੈ ਗਏ ਪਰ ਮੈਨੂੰ ਛੱਡ ਗਏ। ਮੈਂ ਕੁਰਕਸ਼ੇਤਰ ਦੇ ਕੁਝ ਮੋਹਿਤਬਰ ਸੱਜਣਾਂ ਨੂੰ ਨਾਲ ਲੈ ਕੇ ਸੀ. ਆਈ. ਏ. ਸਟਾਫ ਦੇ ਦਫਤਰ ਪੁੱਜਾ। ਪਾਸਪੋਰਟ ਤੇ ਉਨ੍ਹਾਂ ਦੇ ਦਿੱਤਾ ਪਰ ਮੈਨੂੰ ਹਦਾਇਤ



ਕੀਤੀ ਕਿ ਤੂੰ ਕੁਰਕਸ਼ੇਤਰ ਤੋਂ ਬਾਹਰ ਨਹੀਂ ਜਾਣਾ। ਪਰ ਮੈਂ ਕੁਝ ਦਿਨਾਂ ਬਾਅਦ ਚੁੱਪ ਚੁਪੀਤਾ ਦਿੱਲੀ ਆ ਗਿਆ ਤੇ ਜਹਾਜ਼ੇ ਚੜ੍ਹਕੇ ਦਾਰਾ ਸਲਾਮ ਪੁੱਜ ਗਿਆ। ਹਰਿਮੰਦਰ ਸਾਹਿਬ ਤੇ ਕੀਤੇ ਹਮਲੇ ਤੋਂ ਬਾਅਦ ਹਿੰਦੂਆਂ ਤੇ ਸਿੱਖਾਂ ਦੇ ਮਨਾਂ ਵਿੱਚ ਅਚੇਤ ਤੌਰ ਤੇ ਵਖਰੇਵੇਂ ਵਧਣ ਲੱਗ ਪਏ। ਇਸਦਾ ਅਸਰ ਪ੍ਰਦੇਸਾਂ ਵਿੱਚ ਵੀ ਪਿਆ। ਕਈ ਹਿੰਦੂ ਪਰਿਵਾਰ ਗੁਰਦੁਆਰੇ ਆਉਣੋਂ ਹੱਟ ਗਏ। ਗੁਰਦਵਾਰਿਆਂ ਵਿਚੋਂ ਵੀ ਗਰਮ ਤਕਰੀਰਾਂ ਹੋਣ ਲੱਗੀਆਂ। ਖਿਚਾਅ ਵਾਲਾ ਮਾਹੌਲ ਪੈਦਾ ਹੋ ਗਿਆ ਦਾਰਾਸਲਾਮ ਦੇ ਇੰਡੀਅਨ ਹਾਈ ਕਮਿਸ਼ਨਰ ਕੋਲ ਮੇਰੇ ਵਿਰੁੱਧ ਰਿਪੋਰਟਾਂ ਜਾਣ ਲੱਗੀਆਂ। ਇਸਦਾ ਪਤਾ ਮੈਨੂੰ ਬਾਅਦ ਵਿੱਚ ਲੱਗਾ। ਉਹ ਸੰਤਾਪ ਮੈਂ ਇਕੱਲਾ ਨਹੀਂ ਸਾਰੀ ਕੌਮ ਦੇਸ਼ ਨਾਲੋਂ ਪ੍ਰਦੇਸ਼ਾਂ ਵਿੱਚ ਜ਼ਿਆਦੇ ਭੋਗ ਰਹੀ ਹੈ।

### ਮੁਲਾਕਾਤ : 'ਨਾਮਧਾਰੀ ਮੁਖੀ ਬਾਬਾ ਜਗਜੀਤ ਸਿੰਘ ਜੀ ਨਾਲ'

ਉਨ੍ਹਾਂ ਦਿਨਾਂ ਵਿਚ ਨਾਮਧਾਰੀ ਮੁਖੀ ਬਾਬਾ ਜਗਜੀਤ ਸਿੰਘ ਜੀ ਆਪਣੇ ਸੇਵਕਾਂ ਨਾਲ ਦਾਰਾਸਲਾਮ ਆਏ ਹੋਏ ਸਨ। ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਬੰਧਕਾਂ ਨੇ ਵਿਚਾਰ ਬਣਾਇਆ ਕਿ ਇਕ ਐਤਵਾਰ ਨੂੰ ਬਾਬਾ ਜੀ ਦਾ ਕੀਰਤਨ ਗੁਰਦੁਆਰੇ ਰਖਵਾਇਆ ਜਾਏ। ਕਮੇਟੀ ਨੇ ਮੇਰੀ ਤੇ ਡਾਕਟਰ ਜਸਵੰਤ ਸਿੰਘ ਨੇਕੀ ਜੀ ਦੀ ਡਿਊਟੀ ਲਾਈ ਕਿ ਅਸੀਂ ਬਾਬਾ ਜੀ ਨੂੰ ਜਾ ਕੇ ਗੁਰਦੁਆਰੇ ਕੀਰਤਨ ਲਈ ਬੇਨਤੀ ਕਰੀਏ। ਅਸੀਂ ਉਨ੍ਹਾਂ ਤੋਂ ਗੱਲਬਾਤ ਲਈ ਸਮਾਂ ਮੰਗਿਆ, ਉਹਨਾਂ ਕਿਹਾ ਆ ਜਾਵੋਂ। ਬਾਬਾ ਜੀ ਦੀ ਨਾਮਧਾਰੀ ਸੰਗਤ ਨੂੰ ਮਹਾਨ ਦੇਣ ਹੈ ਕਲਾਸੀਕਲ ਸੰਗੀਤ। ਉਹ ਆਪ ਵੀ ਦਿਲਰੁਬਾ ਵਜਾਕੇ ਬਹੁਤ ਸੋਹਣਾ ਕੀਰਤਨ ਕਰਦੇ ਹਨ। ਉਨ੍ਹਾਂ ਹਿ-ਦੋਸਤਾਨ ਦੇ ਵੱਡੇ ਵੱਡੇ ਸੰਗੀਤ ਘਰਾਣਿਆਂ ਦੇ ਉਸਤਾਦਾਂ ਤੋਂ ਆਪਣੀ ਸੰਪਰਦਾ ਨੂੰ ਸੰਗੀਤ ਦੀ ਸਿਖਲਾਈ ਦਿਵਾਈ। ਇਹ ਉਨ੍ਹਾਂ ਦੀ ਮਹਾਨ ਦੇਣ ਹੈ। ਜਦੋਂ ਅਸੀਂ ਬਾਬਾ ਜੀ ਨੂੰ ਮਿਲਕੇ ਬੇਨਤੀ ਕੀਤੀ ਕਿ ਸਿੱਖ ਸੰਗਤ ਦੀ ਤੀਬਰ ਇੱਛਾ ਹੈ ਕਿ ਉਹ ਇਸ ਐਤਵਾਰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਕੀਰਤਨ ਕਰਨ। ਬਾਬਾ ਜੀ ਖੁਸ਼ੀ ਖੁਸ਼ੀ ਮੰਨ ਗਏ। ਅਸੀਂ ਆਕੇ ਪ੍ਰਬੰਧਕਾਂ ਨੂੰ ਦੱਸ ਦਿੱਤਾ ਤੇ ਨੋਟਿਸ ਬੋਰਡ ਤੇ ਵੀ ਲਿਖਕੇ ਲਾ ਦਿੱਤਾ। ਇਹ ਇਕ ਬਹੁਤ ਵਧੀਆ ਉਪਰਾਲਾ ਸੀ ਕਿ ਸਿੱਖ ਸੰਪਰਦਾਵਾਂ ਸਿਰ ਜੋੜ ਕੇ ਬੈਠਣ। ਆਪਸ ਵਿਚ ਪ੍ਰੇਮ ਪਿਆਰ ਤੇ ਇਤਫਾਕ ਵਧੇ। ਪ੍ਰੰਤੂ ਦੂਸਰੇ ਹੀ ਦਿਨ ਕਿਸੇ ਨੇ ਦੁੱਧ ਵਿਚ ਕਾਂਜੀ ਪਾ ਦਿੱਤੀ। ਛੱਡਾ ਛੱਡ ਦਿੱਤਾ ਕਿ ਨਾਮਧਾਰੀ ਦੇਹਧਾਰੀ ਗੁਰੂ ਨੂੰ ਮੰਨਦੇ ਹਨ ਤੇ ਉਹ ਕਹਿੰਦੇ ਹਨ ਕਿ ਅਸੀਂ ਆਪਣੇ (ਸਤਿਗੁਰੂ) ਮਹਾਂਪੁਰਖਾਂ ਨੂੰ ਮੱਥਾ ਟੇਕਾਂਗੇ। ਉਹ ਵੀ ਉਦੋਂ ਜਦੋਂ ਉਹ ਕੀਰਤਨ ਕਰ ਰਹੇ ਹੋਣਗੇ। ਅਸੀਂ ਆਪਣਾ ਨੇਮ ਨਹੀਂ ਤੋੜ ਸਕਦੇ। ਗੱਲ ਖਿਲਰੀ ਤਾਂ ਗੁਰਦੁਆਰੇ ਦੇ ਪ੍ਰਬੰਧਕ ਕਹਿਣ ਲੱਗੇ ਕਿ ਇਹ ਕਿਵੇਂ ਹੋ ਸਕਦਾ ਹੈ? ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਕੋਈ ਮੱਥੇ ਟਿਕਾਏ? ਅਸੀਂ ਫਿਰ ਬਾਬਾ ਜੀ ਨੂੰ ਮਿਲਣ ਗਏ। ਮੈਂ ਬੇਨਤੀ ਕੀਤੀ, ''ਬਾਬਾ ਜੀ! ਅਸੀਂ ਤਾਂ ਬੜੇ ਖੁਸ਼ ਸਾਂ ਕਿ ਏਕਤਾ ਲਈ ਰਾਹ ਖੁੱਲ੍ਹਿਆ ਹੈ। ਨਾਮਧਾਰੀ ਸੰਗਤ ਗੁਰੂ ਘਰ ਆਇਆ ਕਰੇਗੀ। ਪਰ ਤੁਹਾਡੇ ਸੇਵਕਾਂ ਤਾਂ ਗੱਡੇ ਨਾਲ ਕੱਟਾ ਬੰਨ੍ਹ ਦਿੱਤਾ ਹੈ।'' ਬਾਬਾ ਜੀ ਹੈਰਾਨ ਹੋ ਕੇ ਕਹਿਣ ਲੱਗੇ ਕਿਉਂ? ਕੀ ਹੋਇਆ। ਅਸੀਂ ਤਾਂ ਆ ਰਹੇ ਹਾਂ। ਹੁਣ ਕੀ ਗੱਲ ਹੋ ਗਈ? ਮੈਂ ਦੱਸਿਆ ਕਿ ਤੁਹਾਡੇ ਸੇਵਕ



ਕਹਿ ਰਹੇ ਹਨ ਕਿ ਅਸੀਂ (ਸਤਿਗਰੂ) ਜੀ ਨੂੰ ਮੱਥਾ ਟੇਕਾਂਗੇ। ਗੁਰਦੁਆਰੇ ਵਿਚ। ਪਰ ਇਹ ਗੱਲ ਕਿਸੇ ਵੀ ਸਿੱਖ ਨੂੰ ਪਰਵਾਨ ਨਹੀਂ।'' ਬਾਬਾ ਜੀ ਬੜੇ ਧੀਰਜ ਨਾਲ ਕਹਿਣ ਲੱਗੇ, ''ਗਿਆਨੀ ਜੀ! ਤੁਸੀਂ ਕੋਈ ਫਿਕਰ ਨਾ ਕਰੋ। ਸਾਨੂੰ ਗੁਰੂ ਘਰ ਕੋਈ ਮੱਥਾ ਨਹੀਂ ਟੇਕੇਗਾ। ਸਾਰੀ ਨਾਮਧਾਰੀ ਸੰਗਤ ਸਾਡੇ ਆਉਣ ਤੋਂ ਪਹਿਲਾਂ ਗੁਰੂ ਘਰ ਬੈਠੀ ਹੋਵੇਗੀ। ਮੈਨੂੰ ਕਹਿਣ ਲੱਗੇ, ''ਸਾਨੂੰ ਤਾਂ ਭਾਵੇਂ ਜੋੜਿਆ ਵਿਚ ਖੜ੍ਹੇ ਕਰ ਦਿਓ। ਕੋਈ ਇਨਕਾਰ ਨਹੀਂ ਕਰਾਂਗੇ। ਨਾਲ ਹੀ ਉਨ੍ਹਾਂ ਆਪਣੇ ਸੈਕਟਰੀ ਨੂੰ ਬੁਲਾਕੇ ਹਦਾਇਤ ਕੀਤੀ ਕਿ ਕੋਈ ਨਾਮਧਾਰੀ ਸਾਨੂੰ ਗੁਰਦੁਆਰੇ ਦੇ ਹਦੂਦ ਵਿਚ ਮੱਥਾ ਨਹੀਂ ਟੇਕੇਗਾ। ਮੈਂ ਬਾਬਾ ਜੀ ਦੀ ਨਿਮਰਤਾ ਵੇਖਕੇ ਬਹੁਤ ਹੀ ਪ੍ਰਭਾਵਤ ਹੋਇਆ ਇਹ ਸਤਿਕਾਰ ਸਦਾ ਰਹੇਗਾ। ਉਨ੍ਹਾਂ ਜਿੰਨੀ ਨਿਮਰਤਾ ਕਿਸੇ ਵਿਚ ਨਹੀਂ ਦੇਖੀ। ਉਦੋਂ ਹੀ ਡਾ: ਜਸਵੰਤ ਸਿੰਘ ਨੇਕੀ ਜੀ ਕਹਿਣ ਲੱਗੇ ਕਿ ਬਾਬਾ ਜੀ ਤੁਹਾਡੇ ਨਾਲ ਵਖਰਿਆਂ ਇਕ ਗੱਲ ਕਰਨੀ ਹੈ। ਬਾਬਾ ਜੀ ਨੇ ਸਮੇਤ ਆਪਣੇ ਖਾਸ ਸੇਵਾਦਾਰ ਦੇ ਜੋ ਉਨ੍ਹਾਂ ਤੇ ਖੜ੍ਹਾ ਹੱਥੋਂ ਰੁਮਾਲ ਹਿਲਾ ਰਿਹਾ ਸੀ, ਸਭ ਨੂੰ ਬਾਹਰ ਭੇਜ ਦਿੱਤਾ। ਅਸੀਂ ਸਿਰਫ ਤਿੰਨ ਹੀ ਸਾਂ। ਬਾਬਾ ਜੀ, ਡਾ: ਨੇਕੀ ਜੀ ਤੇ ਮੈਂ ਡਾਕਟਰ ਸਾਹਿਬ ਕਹਿਣ ਲੱਗੇ, '' ਇਸ ਵੇਲੇ ਮੁੱਖ ਲੋੜ ਪੰਥ ਵਿਚ ਏਕਤਾ ਦੀ ਹੈ, ਤੇ ਇਹ ਤੁਹਾਥੋਂ ਬਗੈਰ ਹੋ ਨਹੀਂ ਸਕਣੀ।'' ਬਾਬਾ ਜਗਜੀਤ ਸਿੰਘ ਜੀ ਕਹਿਣ ਲੱਗੇ, ''ਦੱਸੋ ਅਸੀਂ ਕੀ ਕਰ ਸਕਦੇ ਹਾਂ।'' ਡਾਕਟਰ ਸਾਹਿਬ ਕਹਿਣ ਲੱਗੇ, '' ਗੱਲ ਦੇਹ ਧਾਰੀ ਗੁਰੂ ਬਾਰੇ ਹੈ। ਖਾਲਸਾ ਪੰਥ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਅੰਤਮ ਗੁਰੂ ਮੰਨਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਆਪ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਗੁਰਤਾ ਬਖਸ਼ੀ ਤੇ ਹੁਕਮ ਕੀਤਾ- ''ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨਿਓ ਗਰੰਥ''

ਚਲਦਾ....


52 YEARS OF EXCELLENCE
1973 THE LINK GROUP 2024
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਸਪੈਸ਼ਲ ਸੇਲ !
www.dream-carpets.com
dream
carpets
Shaw FLOORS
Ansonylon
STAINMASTER CARPET
ClearTouch
from $1.98 SF
Berber
Installed
Textured Saxony
Installed
from $2.28 SF
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From
.78 cent
Berber
Starts From
.78 cent
Area Rug (5x8)
Starts From
$68
NOBODY KNOWS FLOORING LIKE DREAM CARPETS
SERVING WESTERN CANADA FOR OVER 30 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Perry

# ਮਿਸ਼ਨ ਪੰਜਾਬ : ਭਾਜਪਾ ਦੀ ਸਿਆਸੀ ਤੋਪ ਦਾ ਪੰਜਾਬ ਵੱਲ ਰੁਖ਼

ਚੰਡੀਗੜ੍ਹ-ਭਾਜਪਾ ਦੇ 'ਮਿਸ਼ਨ ਪੰਜਾਬ' ਨੇ ਸਿਆਸੀ ਧਿਰਾਂ 'ਚ ਸਿਆਸੀ ਤੌਖਲੇ ਪੈਦਾ ਕਰ ਦਿੱਤੇ ਹਨ। ਇਸ ਨੂੰ ਲੈ ਕੇ ਆਮ ਆਦਮੀ ਪਾਰਟੀ ਚੌਕੰਨੀ ਹੋ ਗਈ ਹੈ ਅਤੇ ਆਪਣੇ ਵਿਧਾਇਕਾਂ ਨੂੰ ਮੁਸਤੈਦ ਕਰ ਦਿੱਤਾ ਹੈ। ਦਿੱਲੀ ਵਿੱਚ ਅੱਜ ਜਲੰਧਰ ਤੋਂ 'ਆਪ' ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਤੇ 'ਆਪ' ਵਿਧਾਇਕ ਸ਼ੀਤਲ ਅੰਗੁਰਾਲ ਨੇ ਭਾਜਪਾ ਦਾ ਪੱਲਾ ਫੜ ਲਿਆ ਹੈ। ਲੰਘੇ ਦਿਨ ਕਾਂਗਰਸੀ ਸੰਸਦ ਮੈਂਬਰ ਰਵਨੀਤ ਬਿੱਟੂ ਨੇ ਭਾਜਪਾ 'ਚ ਸ਼ਾਮਲ ਹੋਏ ਸਨ। ਪੰਜਾਬ ਵਿਚ ਭਾਜਪਾ ਨੇ ਇਕੱਲਿਆਂ ਹੀ ਚੋਣਾਂ ਲੜਨ ਦਾ ਫ਼ੈਸਲਾ ਕੀਤਾ ਹੈ ਤੇ ਨਾਲ ਹੀ ਕਾਂਗਰਸ ਤੇ 'ਆਪ' ਨੂੰ ਸੰਨ੍ਹ ਲਾਉਣੀ ਸ਼ੁਰੂ ਕਰ ਦਿੱਤੀ ਹੈ।



ਸੂਤਰ ਦੱਸਦੇ ਹਨ ਕਿ ਭਾਜਪਾ ਨੇ ਦੂਸਰੇ ਸੂਬਿਆਂ ਵਾਂਗ ਹੁਣ ਪੰਜਾਬ ਵੱਲ ਆਪਣਾ ਰੁਖ਼ ਕਰ ਲਿਆ ਹੈ ਜਿਸ ਪਿੱਛੇ ਸਿਆਸੀ ਭੰਨਤੋੜ ਦੀ ਰਣਨੀਤੀ ਹੋ ਸਕਦੀ ਹੈ। ਲੰਘੇ ਦੋ ਦਿਨਾਂ ਦੌਰਾਨ ਕਾਂਗਰਸੀ ਤੇ 'ਆਪ' ਆਗੂਆਂ ਦੀ ਸ਼ਮੂਲੀਅਤ ਤੋਂ ਭਾਜਪਾ ਦੇ ਮਨਸੂਬੇ ਸਾਫ਼ ਹੋਣ ਲੱਗੇ ਹਨ। ਆਉਂਦੇ ਦਿਨਾਂ ਵਿਚ 'ਮਿਸ਼ਨ ਪੰਜਾਬ' ਤਹਿਤ ਭਾਜਪਾ ਆਪਣੇ ਵਿਰੋਧੀਆਂ ਨੂੰ ਹੋਰ ਹਲੂਣਾ ਦੇ ਸਕਦੀ ਹੈ। ਇਸੇ ਦੌਰਾਨ ਅੱਜ ਈਡੀ ਵੱਲੋਂ ਪੰਜਾਬ 'ਚ ਮਾਰਿਆਂ ਛਾਪਿਆਂ ਤੋਂ ਵੀ ਸੰਕੇਤ ਮਿਲਦੇ ਹਨ ਕਿ ਭਾਜਪਾ ਦੇ ਇਰਾਦੇ ਠੀਕ ਨਹੀਂ। ਭਾਜਪਾ ਦੀ ਜਲੰਧਰ ਇਕਾਈ ਨੇ ਤਾਂ ਅੱਜ ਚੋਣ ਕਮਿਸ਼ਨ ਨੂੰ ਸ਼ਿਕਾਇਤ ਕਰ ਕੇ ਕਿਹਾ ਹੈ ਕਿ 'ਆਪ' ਵਰਕਰ ਭਾਜਪਾ 'ਚ ਸ਼ਾਮਲ ਹੋਏ ਆਗੂਆਂ ਦੇ ਖ਼ਿਲਾਫ਼ ਪ੍ਰਦਰਸ਼ਨ ਕਰਨ ਦਾ ਪ੍ਰੋਗਰਾਮ ਉਲੀਕ ਰਹੇ ਹਨ ਜਿਨ੍ਹਾਂ ਨੂੰ ਰੋਕਿਆ ਜਾਵੇ। ਚਰਚੇ ਹਨ ਕਿ ਕਾਂਗਰਸ 'ਚੋਂ ਕੁੱਝ ਅਹਿਮ ਆਗੂ ਵੀ ਭਾਜਪਾ 'ਚ ਜਾ ਸਕਦੇ ਹਨ ਤੇ ਇਨ੍ਹਾਂ ਅਫ਼ਵਾਹਾਂ ਦੇ ਚੱਲਦਿਆਂ ਸੰਸਦ ਮੈਂਬਰ ਜਸਵੀਰ ਸਿੰਘ ਡਿੰਪਾ ਨੂੰ ਸਪੱਸ਼ਟ ਕਰਨਾ ਪਿਆ ਕਿ ਜੇ ਪਾਰਟੀ ਨੇ ਉਨ੍ਹਾਂ ਨੂੰ ਉਮੀਦਵਾਰ ਨਾ ਵੀ ਬਣਾਇਆ ਤਾਂ ਵੀ ਉਹ ਕਾਂਗਰਸ 'ਚ ਹੀ ਰਹਿਣਗੇ। ਰਵਨੀਤ ਬਿੱਟੂ ਦੀ ਭਾਜਪਾ 'ਚ ਸ਼ਮੂਲੀਅਤ ਨੇ ਕਾਂਗਰਸ ਨੂੰ ਵੱਡਾ ਝਟਕਾ ਦਿੱਤਾ ਹੈ ਜਦਕਿ ਪਹਿਲਾਂ ਸਾਬਕਾ ਵਿਧਾਇਕ ਗੁਰਪ੍ਰੀਤ ਸਿੰਘ ਜੀਪੀ ਤੇ ਡਾ. ਰਾਜ ਕੁਮਾਰ ਚੱਬੇਵਾਲ 'ਆਪ' ਦਾ ਪੱਲਾ ਫੜ੍ਹ ਚੁੱਕੇ ਹਨ। ਕਾਂਗਰਸ ਤੇ 'ਆਪ' ਨੇ ਭਾਜਪਾ ਦੀ ਟੇਢੀ ਨਜ਼ਰ ਨੂੰ ਤੱਕਦਿਆਂ ਆਪਣੇ ਆਗੂਆਂ ਨਾਲ ਤਾਲਮੇਲ ਵਧਾ ਦਿੱਤਾ ਹੈ।

ਦੂਸਰੀ ਤਰਫ਼ ਭਾਜਪਾ ਦੀ ਟਕਸਾਲੀ ਲੀਡਰਸ਼ਿਪ ਅੰਦਰੋ-ਅੰਦਰੀ ਇਨ੍ਹਾਂ ਦਲ ਬਦਲੂਆਂ ਤੋਂ ਔਖ ਵਿੱਚ ਤਾਂ ਹੈ ਪਰ ਕੋਈ ਬੋਲਣ ਦੀ ਜੁਰੱਅਤ ਨਹੀਂ ਦਿਖਾ ਰਿਹਾ ਹੈ। ਕਈ ਟਕਸਾਲੀ ਭਾਜਪਾ ਨੇਤਾਵਾਂ ਦਾ ਕਹਿਣਾ ਹੈ ਕਿ ਪੰਜਾਬ ਭਾਜਪਾ ਦੀ ਪਹਿਲੀ ਕਤਾਰ 'ਚ ਹੁਣ ਪੁਰਾਣੇ ਕਾਂਗਰਸੀ ਬੈਠੇ ਹਨ ਜਦੋਂ ਕਿ ਪਾਰਟੀ ਦੇ ਟਕਸਾਲੀ ਲੀਡਰ ਹੁਣ ਦੂਜੀ ਸਫ਼ 'ਚ ਬੈਠੇ ਹਨ। ਸੂਤਰ ਆਖਦੇ ਹਨ ਕਿ ਭਾਜਪਾ ਸੁਸ਼ੀਲ ਰਿੰਕੂ ਨੂੰ ਜਲੰਧਰ ਤੋਂ ਜਦਕਿ ਪ੍ਰਨੀਤ ਕੌਰ ਨੂੰ ਪਟਿਆਲਾ ਤੋਂ ਉਮੀਦਵਾਰ ਬਣਾ ਸਕਦੀ ਹੈ। ਲੁਧਿਆਣਾ ਤੋਂ ਰਵਨੀਤ ਬਿੱਟੂ ਅਤੇ ਬਠਿੰਡਾ ਤੋਂ ਮਨਪ੍ਰੀਤ ਬਾਦਲ ਨੂੰ ਚੋਣ ਲੜਾਈ ਜਾ ਸਕਦੀ ਹੈ।

### ਬਿੱਟੂ ਦਾ ਅਧਾਰ ਖਤਮ ਹੋ ਚੁੱਕੈ: ਬਾਜਵਾ

ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਮੁਤਾਬਕ ਕਦੇ ਕੋਈ ਸੋਚ ਨਹੀਂ ਸਕਦਾ ਸੀ ਕਿ ਕਾਂਗਰਸੀ ਟਿਕਟ 'ਤੇ ਤਿੰਨ ਵਾਰ ਐੱਮਪੀ ਬਣੇ ਰਵਨੀਤ ਬਿੱਟੂ ਇਸ ਤਰ੍ਹਾਂ ਪਾਰਟੀ ਨਾਲ ਗੱਦਾਰੀ ਕਰਨਗੇ। ਉਨ੍ਹਾਂ ਕਿਹਾ, "ਹਲਕੇ ਦੇ ਲੋਕਾਂ ਦਾ ਫੋਨ ਨਾ ਚੁੱਕਣਾ ਬਿੱਟੂ ਦੀ ਆਦਤ ਸੀ ਜਿਸ ਕਰ ਕੇ ਲੋਕਾਂ ਵਿੱਚ ਉਸ ਦਾ ਆਧਾਰ ਖ਼ੁਰ ਚੁੱਕਾ ਸੀ। ਪੰਜਾਬ ਦੇ ਲੋਕ ਗੱਦਾਰੀ ਕਰਨ ਵਾਲਿਆਂ ਨੂੰ ਕਦੇ ਮੁਆਫ਼ ਨਹੀਂ ਕਰਦੇ।"

### ਬਿੱਟੂ ਨੇ ਨਾ ਭੁੱਲਣ ਵਾਲੀ ਗੱਦਾਰੀ ਕੀਤੀ: ਰੰਧਾਵਾ

ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਰਵਨੀਤ ਬਿੱਟੂ ਨੇ ਨਾ ਭੁੱਲਣ ਵਾਲੀ ਗੱਦਾਰੀ ਕੀਤੀ ਹੈ ਅਤੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਪਰਿਵਾਰ ਨਾਲ ਪਿਆਰ ਕਰਨ ਵਾਲੇ ਲੋਕ ਅੱਜ ਖ਼ੁਦ ਨੂੰ ਠੱਗਿਆ ਮਹਿਸੂਸ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ ਵਿੱਚ ਇਸ ਦਾ ਖਮਿਆਜ਼ਾ ਰਵਨੀਤ ਬਿੱਟੂ ਨੂੰ ਭੁਗਤਣਾ ਪਵੇਗਾ।

### ਬਿੱਟੂ ਦੇ ਭਾਜਪਾ 'ਚ ਸ਼ਾਮਲ ਹੋਣ ਨਾਲ ਮਾਨਸਾ ਦੀ ਸਿਆਸਤ 'ਤੇ ਨਹੀਂ ਪਵੇਗਾ ਅਸਰ

ਮਾਨਸਾ: ਕਾਂਗਰਸ ਦੇ ਲੁਧਿਆਣਾ ਤੋਂ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਦੇ ਅੱਜ ਅਚਾਨਕ ਭਾਜਪਾ ਵਿੱਚ ਸ਼ਾਮਲ ਹੋਣ ਨਾਲ ਮਾਨਸਾ ਜ਼ਿਲ੍ਹੇ ਦੀ ਸਿਆਸਤ ਉਪਰ ਕੋਈ ਅਸਰ ਨਹੀਂ ਪਵੇਗਾ। ਬਿੱਟੂ ਦੀ ਮਾਨਸਾ ਜ਼ਿਲ੍ਹੇ ਵਿੱਚ ਸੀਨੀਅਰ ਕਾਂਗਰਸੀ ਆਗੂ ਅਜੀਤਇੰਦਰ ਸਿੰਘ ਮੋਫ਼ਰ ਨਾਲ ਨਜ਼ਦੀਕੀ ਰਿਸ਼ਤੇਦਾਰੀ ਹੈ ਜਿਸ ਕਰਕੇ ਉਨ੍ਹਾਂ ਦੇ ਭਾਜਪਾ ਵਿੱਚ ਸ਼ਾਮਲ ਹੋਣ ਮਗਰੋਂ ਕਈ ਤਰ੍ਹਾਂ ਦੀਆਂ ਚਰਚਾਵਾਂ ਚੱਲਦੀਆਂ ਰਹੀਆਂ। ਦਿਲਚਸਪ ਗੱਲ ਹੈ ਕਿ ਬਿੱਟੂ ਦੀ ਸਕੀ ਭੈਣ ਜ਼ਿਲ੍ਹੇ ਵਿੱਚ ਸੀਨੀਅਰ ਕਾਂਗਰਸੀ ਆਗੂ ਅਜੀਤਇੰਦਰ ਸਿੰਘ ਮੋਫ਼ਰ ਦੇ ਪੁੱਤਰ ਬਿਕਰਮ ਸਿੰਘ ਮੋਫ਼ਰ ਨਾਲ ਵਿਆਹੀ ਹੋਈ ਹੈ। ਬਿਕਰਮ ਮੋਫ਼ਰ ਇਸ ਵੇਲੇ ਮਾਨਸਾ ਜ਼ਿਲ੍ਹਾ ਪਰਿਸ਼ਦ ਦੇ ਕਾਂਗਰਸ ਪਾਰਟੀ ਵੱਲੋਂ ਚੇਅਰਮੈਨ ਹਨ ਅਤੇ ਉਨ੍ਹਾਂ ਜ਼ਿਲ੍ਹੇ ਦੇ ਸਰਦੂਲਗੜ੍ਹ ਵਿਧਾਨ ਸਭਾ ਹਲਕੇ ਤੋਂ ਕਾਂਗਰਸ ਵੱਲੋਂ ਹਾਲ ਹੀ ਵਿੱਚ ਚੋਣ ਲੜੀ ਸੀ ਪਰ ਉਹ ਆਮ ਆਦਮੀ ਪਾਰਟੀ ਦੇ ਉਮੀਦਵਾਰ ਐਡਵੋਕੇਟ ਗੁਰਪ੍ਰੀਤ ਸਿੰਘ ਬਣਾਂਵਾਲੀ ਤੋਂ ਹਾਰ ਗਏ ਸਨ। ਬਿਕਰਮ ਮੋਫ਼ਰ ਦੇ ਪਿਤਾ ਅਜੀਤ ਇੰਦਰ ਸਿੰਘ ਮੋਫ਼ਰ ਕਾਂਗਰਸ ਦੇ ਪਹਿਲੀ ਕਤਾਰ ਦੇ ਆਗੂ ਹਨ ਅਤੇ ਉਹ ਬਠਿੰਡਾ ਲੋਕ ਸਭਾ ਤੋਂ ਕਾਂਗਰਸ ਵੱਲੋਂ ਸੰਭਾਵੀ ਉਮੀਦਵਾਰ ਵਜੋਂ ਵੱਡੀ ਚਰਚਾ 'ਚ ਹਨ। ਬਿਕਰਮ ਸਿੰਘ ਮੋਫ਼ਰ ਨੇ ਕਿਹਾ ਕਿ ਰਵਨੀਤ ਬਿੱਟੂ ਦੇ ਭਾਜਪਾ ਵਿੱਚ ਸ਼ਾਮਲ ਹੋਣ ਸਬੰਧੀ ਉਨ੍ਹਾਂ ਨੂੰ ਮੀਡੀਆ ਰਾਹੀਂ ਹੀ ਜਾਣਕਾਰੀ ਮਿਲੀ ਹੈ। ਉਨ੍ਹਾਂ ਨਾਲ ਹੀ ਕਿਹਾ ਕਿ ਉਹ ਕਾਂਗਰਸ ਨਾਲ ਚੱਟਾਨ ਵਾਂਗ ਖੜ੍ਹੇ ਹਨ ਅਤੇ ਕਿਸੇ ਵੀ ਹੋਰ ਪਾਰਟੀ ਵਿੱਚ ਸ਼ਾਮਲ ਹੋਣ ਬਾਰੇ ਸੋਚ ਵੀ ਨਹੀਂ ਸਕਦੇ।







# ਬੱਚਿਆਂ ਨੂੰ ਅਰੋਗ ਕਿਵੇਂ ਰੱਖਿਆ ਜਾਏ ?

ਅਰਦਾਸਾਂ ਕਰਕੇ ਲਏ ਬੱਚਿਆਂ ਨੂੰ ਅਸੀਂ ਕਿਵੇਂ ਰੋਗੀ ਬਣਾਉਂਦੇ ਹਾਂ ? ਉਹਨਾਂ ਨੂੰ ਰੋਗੀ ਬਣਾਉਣ ਤੋਂ ਸਾਨੂੰ ਕਿਵੇਂ ਬਚਣਾ ਚਾਹੀਦਾ ਹੈ ? ਅਸੀਂ ਬੜੇ ਚਾਅ ਨਾਲ ਬੱਚਿਆਂ ਨੂੰ ਜਨਮ ਦਿੰਦੇ ਹਾਂ। ਕਈ ਵਾਰ ਤਾਂ ਅਰਦਾਸਾਂ ਕਰਕੇ, ਮੰਗ ਕੇ ਬੱਚੇ ਲੈਂਦੇ ਹਾਂ ਅਤੇ ਬੜੇ ਚਾਅ ਨਾਲ ਪਾਲਦੇ ਹਾਂ। ਪਰੰਤੂ, ਚਾਅ ਅਤੇ ਲਾਡ ਕਾਰਣ ਅਸੀਂ ਭਾਵੁਕ ਹੋ ਕੇ, ਭੋਲੇਪਣ ਵਿੱਚ ਹੀ; ਬੱਚੇ ਦੇ ਮਨ ਅਤੇ ਤਨ ਦੋਵਾਂ ਨੂੰ ਰੋਗੀ ਕਰ ਦਿੰਦੇ ਹਾਂ। ਸਫਲਤਾ ਪੂਰਵਕ ਬੱਚੇ ਦਾ ਪਾਲਣ-ਪੋਸ਼ਣ ਕਰਨਾ ਇੱਕ ਕਲਾ ਹੈ।



ਠਾਕੁਰ ਦਲੀਪ ਸਿੰਘ ਜੀ

ਬੱਚੇ ਪੈਦਾ ਕਰਨ ਤੋਂ ਪਹਿਲਾਂ ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਅਸੀਂ ਬੱਚੇ ਦੇ ਮਨ ਅਤੇ ਤਨ ਨੂੰ ਅਰੋਗ ਕਿਵੇਂ ਰੱਖ ਸਕਦੇ ਹਾਂ ਅਤੇ ਬੱਚੇ ਨੂੰ ਚੰਗੇ ਗੁਣਾਂ ਵਾਲਾ ਮਨੁੱਖ ਕਿਵੇਂ ਬਣਾ ਸਕਦੇ ਹਾਂ ? ਪਰੰਤੂ ਸਮੱਸਿਆ ਇਹ ਹੈ ਕਿ ਇਹ ਗੱਲਾਂ ਸਾਨੂੰ ਕੋਈ ਦੱਸਦਾ ਹੀ ਨਹੀਂ ਕਿ ਬੱਚੇ ਦਾ ਸਫਲਤਾ ਪੂਰਵਕ ਵਧੀਆ ਢੰਗ ਨਾਲ ਪਾਲਣ-ਪੋਸ਼ਣ ਕਿਵੇਂ ਕਰਨਾ ਹੈ ? ਜੇ ਬੱਚੇ ਪਾਲਣ ਦੀ ਜਾਚ ਸਿੱਖਣ ਦੀ ਕੋਸ਼ਿਸ਼ ਕਰੋਗੇ ਤਾਂ ਸਫਲਤਾ ਪੂਰਵਕ ਬੱਚੇ ਨੂੰ ਪਾਲਣ ਦੀ ਕਲਾ ਸਿੱਖਣੀ ਅਸੰਭਵ ਨਹੀਂ; ਸੰਭਵ ਹੈ। ਸਾਰੇ ਮਾਤਾ-ਪਿਤਾ ਨੂੰ ਮੇਰੀ ਬੇਨਤੀ ਹੈ ਕਿ ਜਦੋਂ ਤੋਂ ਬੱਚਾ ਮਾਂ ਦਾ ਦੁੱਧ ਛੱਡੇ; ਉਦੋਂ ਤੋਂ ਹੀ ਬੱਚੇ ਨੂੰ ਸਿਹਤ ਲਈ ਲਾਭਦਾਇਕ ਭੋਜਨ ਦੀ ਆਦਤ ਪਾਓ ਅਤੇ ਹਾਨੀਕਾਰਕ ਭੋਜਨ (ਟਾਫ਼ੀਆਂ, ਚਾਕਲੇਟ, ਚਿਪਸ ਆਦਿ) ਦਾ ਸੁਆਦ ਪੈਣ ਤੋਂ ਬਚਾਓ। ਤਲੀਆਂ ਵਸਤੂਆਂ, ਪਰੌਂਠੇ, ਮੈਦੇ ਤੋਂ ਬਣੇ ਪਦਾਰਥ ਜਿਵੇਂ: ਨੂਡਲਜ਼, ਬਿਸਕੁਟ, ਪੀਜ਼ਾ ਆਦਿ ਸਿਹਤ ਲਈ ਅਤਿਅੰਤ ਹਾਨੀਕਾਰਕ ਭੋਜਨ ਹਨ। ਦੁੱਧ, ਦਹੀਂ, ਚੋਪੜੇ ਹੋਏ ਪ੍ਰਸ਼ਾਦੇ ਵਿੱਚ ਬੱਚੇ ਲਈ ਲੋੜੀਂਦੀ ਮਾਤਰਾ ਵਿੱਚ ਥੰਧਿਆਈ ਕਾਫੀ ਹੁੰਦੀ ਹੈ। ਮੱਖਣ, ਮਲਾਈ, ਖੋਆ, ਬਰਫੀ ਆਦਿ ਭੋਜਨ ਭਾਰੇ ਹੋਣ ਕਰਕੇ ਬੱਚੇ ਨੂੰ ਪਚਣੇ ਔਖੇ ਹੁੰਦੇ ਹਨ। ਇਹ ਅਣਪਚਿਆ ਭਾਰਾ ਭੋਜਨ ਬੱਚੇ ਨੂੰ ਲਾਭ ਦੀ ਬਜਾਇ ਹਾਨੀ ਪਹੁੰਚਾਉਂਦਾ ਹੈ। ਕੋਕਾ ਕੋਲਾ, ਹਰ ਤਰ੍ਹਾਂ ਦੀ ਸੋਫਟ ਡ੍ਰਿੰਕ ਅਤੇ ਬਜ਼ਾਰੀ ਜੂਸ ਆਦਿ ਤੋਂ ਵੀ ਬੱਚਿਆਂ ਨੂੰ ਬਚਾ ਕੇ ਰੱਖਣਾ ਚਾਹੀਦਾ ਹੈ।



ਮਾਪਿਆਂ ਵੱਲੋਂ ਬਹੁਤ ਵਾਰੀ ਹਾਨੀਕਾਰਕ ਭੋਜਨ ਅਗਿਆਨਤਾ ਵੱਸ, ਆਪ ਹੀ ਬੱਚੇ ਨੂੰ ਦਿੱਤਾ ਜਾਂਦਾ ਹੈ। ਕਈ ਵਾਰ ਬੱਚੇ ਤੋਂ ਕੋਈ ਕੰਮ ਕਰਵਾਉਣ ਲਈ ਟੌਫੀ ਆਦਿ ਦਾ ਲਾਲਚ, ਮਾਪੇ ਜਾਣਬੁੱਝ ਕੇ ਵੀ ਦੇ ਦਿੰਦੇ ਹਨ, ਜਿਸ ਨੂੰ ਖਾਣ ਦੀ ਬੱਚੇ ਨੂੰ ਆਦਤ ਪੈ ਜਾਂਦੀ ਹੈ। ਬੱਚਿਆਂ ਨੂੰ ਰੋਗੀ ਬਣਾਉਣ ਵਾਸਤੇ ਘਰ ਦੇ ਬਜ਼ੁਰਗ ਵੀ ਅਗਿਆਨਤਾ ਵੱਸ ਆਪਣੀ ਵੱਡੀ ਭੂਮਿਕਾ ਨਿਭਾਉਂਦੇ ਹਨ। ਬੱਚਿਆਂ ਨੂੰ ਆਪਣੇ ਕੋਲ ਸੱਦਣ ਲਈ ਅਤੇ ਆਪਣੇ ਕੋਲ ਵੱਧ ਸਮਾਂ ਰੱਖਣ ਲਈ; ਉਹਨਾਂ ਨੂੰ ਐਸੇ ਭੋਜਨ ਅਤੇ ਚੀਜ਼ਾਂ ਦੇ ਦਿੰਦੇ ਹਨ; ਜਿਨ੍ਹਾਂ ਨਾਲ ਬੱਚਿਆਂ ਦੀਆਂ ਆਦਤਾਂ ਵਿਗੜ ਜਾਂਦੀਆਂ ਹਨ ਅਤੇ ਸਿਹਤ ਖਰਾਬ ਹੋ ਜਾਂਦੀ ਹੈ।

ਹਾਨੀਕਾਰਕ ਭੋਜਨਾਂ ਤੋਂ ਬੱਚੇ ਨੂੰ ਬਚਾਉਣ ਵਾਸਤੇ ਮਾਤਾ-ਪਿਤਾ ਨੂੰ ਆਪ ਵੀ ਇਹਨਾਂ ਭੋਜਨਾਂ ਨੂੰ ਤਿਆਗਣਾ ਪਵੇਗਾ ਕਿਉਂਕਿ ਬੱਚੇ ਕਹਿਣ ਨਾਲ ਓਨੀ ਗੱਲ ਨਹੀਂ ਅਪਣਾਉਂਦੇ; ਜਿੰਨਾਂ ਦੇਖ ਕੇ ਅਤੇ ਮਾਤਾ-ਪਿਤਾ ਦੀ ਨਕਲ ਕਰਕੇ, ਸੰਸਕਾਰ ਧਾਰਨ ਕਰਦੇ ਹਨ। ਟੌਫ਼ੀਆਂ, ਚਾਕਲੇਟ, ਚਿਪਸ, ਫਾਸਟ ਫੂਡ ਆਦਿ ਘਰ ਵਿੱਚ ਲਿਆਉਣਾ ਅਤੇ ਖਾਣਾ ਆਪ ਵੀ ਬੰਦ ਕਰੋ। ਬੱਚੇ ਭਾਵੇਂ ਰੋਣ ਅਤੇ ਖਾਣ ਦੀ ਜ਼ਿੱਦ ਕਰਨ ਤਾਂ ਵੀ ਉਹਨਾਂ ਨੂੰ ਸਿਹਤ ਲਈ ਹਾਨੀਕਾਰਕ ਭੋਜਨ ਨਾ ਦਿਓ। ਜੇ ਨਾ ਦਿਓਗੇ ਤਾਂ ਬੱਚੇ ਅੱਕ ਕੇ ਫਲ, ਸਬਜ਼ੀਆਂ ਆਦਿ ਖਾਣੇ ਸ਼ੁਰੂ ਕਰ ਦੇਣਗੇ; ਜੋ ਹੌਲੀ-ਹੌਲੀ ਉਹਨਾਂ ਦੀ ਜੀਭ ਦਾ ਸੁਆਦ ਬਣ ਜਾਵੇਗਾ। ਇਸ ਤਰ੍ਹਾਂ ਬੱਚੇ ਨੂੰ ਲੋੜ ਪੈਣ ਉੱਤੇ ਥੋੜ੍ਹਾ ਭੁੱਖੇ ਰੱਖ ਕੇ ਜਾਂ ਥੋੜ੍ਹਾ ਰੁਆ ਕੇ ਵੀ ਸਿਹਤ ਲਈ ਚੰਗਾ ਭੋਜਨ ਖਾਣ ਦੀ ਆਦਤ ਹੀ ਪਾਈ ਜਾਵੇ।

ਟਾਫ਼ੀਆਂ, ਚਾਕਲੇਟ ਦੀ ਥਾਂ ਉੱਤੇ ਬੱਚੇ ਨੂੰ ਖਜੂਰ, ਅੰਜੀਰ, ਸੌਗੀ ਆਦਿ ਸੁੱਕੇ ਮੇਵੇ ਖਾਣ ਲਈ ਦਿੱਤੇ ਜਾ ਸਕਦੇ ਹਨ। ਜੇ ਪਰਿਵਾਰ ਮਹਿੰਗੇ ਸੁੱਕੇ ਮੇਵੇ ਨਾ ਖਰੀਦ ਸਕਣ; ਉਹ ਗੁੜ ਦੇ ਛੋਟੇ ਟੁਕੜੇ ਕਰਕੇ ਅਤੇ ਲੂਣ ਵਾਲੇ ਭੁੱਜੇ ਛੋਲੇ ਬੱਚੇ ਨੂੰ ਦੇ ਸਕਦੇ ਹਨ। ਚਿਪਸ ਦੀ ਥਾਂ ਉੱਤੇ ਬੱਚਿਆਂ ਨੂੰ ਪ੍ਰਸ਼ਾਦਾ ਰਾੜ ਕੇ, ਲੂਣ, ਮਿਰਚ, ਨਿੰਬੂ ਜਾਂ ਚਾਟ ਮਸਾਲਾ ਆਦਿ ਪਾ ਕੇ ਅਤੇ ਉਸਦੇ ਛੋਟੇ-ਛੋਟੇ ਟੁਕੜੇ ਕਰਕੇ ਦਿੱਤੇ ਜਾ ਸਕਦੇ ਹਨ। ਉਹ ਚਿਪਸ ਤੋਂ ਵੀ ਵੱਧ ਸਵਾਦਿਸ਼ਟ ਬਣਦੇ ਹਨ। ਬੱਚਿਆਂ ਨੂੰ ਟੌਫ਼ੀਆਂ, ਚਾਕਲੇਟ ਆਦਿ ਖਾਣ ਦੀ ਆਦਤ ਵੀ ਮਾਪੇ ਹੀ ਪਾਉਂਦੇ ਹਨ। ਬੱਚੇ ਦੇ ਭਲੇ ਵਾਸਤੇ, ਇਹਨਾਂ ਚੀਜ਼ਾਂ ਨੂੰ ਖਾਣ ਦੀ ਆਦਤ ਬਦਲਣਾ ਅਤਿਅੰਤ ਜ਼ਰੂਰੀ ਹੈ।

ਤਾਜ਼ੇ ਫਲ-ਸਬਜ਼ੀਆਂ ਆਪ ਵੀ ਖਾਣੇ ਆਰੰਭ ਕਰੋ ਅਤੇ ਬੱਚੇ ਨੂੰ ਵੀ ਦੱਸੋ ਕਿ ਤਾਜ਼ੇ ਫਲ-ਸਬਜ਼ੀਆਂ ਆਦਿ ਖਾਣ ਨਾਲ ਅਤੇ ਇਹਨਾਂ ਦਾ ਰਸ ਆਪ ਕੱਢ ਕੇ ਲੈਣ ਨਾਲ, ਸਾਡਾ ਸਰੀਰ ਅਰੋਗ ਰਹਿੰਦਾ ਹੈ। ਪਰੰਤੂ ਪੈਸੇ ਦੀ ਕਮੀ ਕਾਰਨ ਹਰ ਪਰਿਵਾਰ ਬੱਚਿਆਂ ਨੂੰ ਫਲ ਨਹੀਂ ਖੁਆ ਸਕਦਾ। ਜਿਹੜੇ ਲੋਕ ਆਪਣੇ ਬੱਚਿਆਂ ਨੂੰ ਫਲਾਂ ਦਾ ਰਸ ਨਹੀਂ ਦੇ ਸਕਦੇ; ਉਹ ਸਬਜ਼ੀਆਂ, ਛੋਲੇ ਜਾਂ ਦਾਲਾਂ ਆਦਿ ਰਿੰਨ੍ਹ ਕੇ, ਉਹਨਾਂ ਦੇ ਰਸੇ (ਅੰਮ੍ਰਿਤੀ) ਵਿੱਚ ਥੋੜ੍ਹਾ ਜਿਹਾ ਲੂਣ, ਮਿਰਚ, ਖਟਿਆਈ ਪਾ ਕੇ, ਸਵਾਦੀ ਬਣਾ ਕੇ ਆਪਣੇ ਬੱਚਿਆਂ ਨੂੰ ਦੇ ਸਕਦੇ ਹਨ। ਪਾਪੜੀ ਚਾਟ ਆਦਿ ਦੀ ਥਾਂ ਉੱਤੇ ਅੰਕੁਰਿਤ (ਉੱਗਿਆ ਹੋਇਆ) ਅਨਾਜ ਜਾਂ ਉਬਲੀ ਦਾਲ ਵਿੱਚ ਕੱਚੀਆਂ ਸਬਜ਼ੀਆਂ, ਖੀਰਾ, ਸ਼ਿਮਲਾ ਮਿਰਚ, ਟਮਾਟਰ, ਲੂਣ, ਮਿਰਚ, ਨਿੰਬੂ ਪਾ ਕੇ ਬੜਾ ਸੁਆਦੀ ਬਣਦਾ ਹੈ ਅਤੇ ਬੱਚੇ ਖੁਸ਼ ਹੋ ਕੇ ਖਾਂਦੇ ਹਨ। ਕੋਕਾ ਕੋਲਾ, ਹਰ ਤਰ੍ਹਾਂ ਦੀ ਸੋਫਟ ਡ੍ਰਿੰਕ ਅਤੇ ਬਜ਼ਾਰੀ ਜੂਸ ਆਦਿ ਦੀ ਥਾਂ ਉੱਤੇ ਨਿੰਬੂ-ਪਾਣੀ (ਸ਼ਿਕੰਜਵੀ) ਵਰਤਣਾ ਆਰੰਭ ਕਰੋ।

ਆਪਣੇ ਬੱਚੇ ਨੂੰ ਮੋਬਾਈਲ, ਟੀ.ਵੀ. ਆਦਿ ਘੱਟ ਤੋਂ ਘੱਟ ਦੇਖਣ ਦਿਓ, ਇਸ ਨਾਲ ਉਹ ਬਾਜ਼ਾਰੀ ਹਾਨੀਕਾਰਕ ਭੋਜਨਾਂ ਦੇ ਇਸ਼ਤਿਹਾਰਾਂ ਤੋਂ ਬਚਣਗੇ। ਬੱਚਿਆਂ ਦਾ ਇਹੀ ਸਮਾਂ ਰਸੋਈ, ਸਫਾਈ ਆਦਿ ਘਰੇਗੀ ਕੰਮਾਂ ਵਿੱਚ ਲਵਾਓ । ਬੱਚਿਆਂ ਨੂੰ ਖੇਡਣ ਵਾਸਤੇ ਕੁਝ ਇਸ ਤਰ੍ਹਾਂ ਦੀਆਂ ਚੀਜ਼ਾਂ ਦੇਵੋ, ਜਿਨ੍ਹਾਂ ਨਾਲ ਉਹਨਾਂ ਦਾ ਦਿਮਾਗ ਤੇਜ਼ ਹੋਵੇ।

ਬੱਚੇ ਨੂੰ ਕਸ਼ਟ ਆਉਣ ਉੱਤੇ ਉਸ ਰੋਗ ਦੀ ਨਵਿਰਤੀ: ਭੋਜਨ ਵਿੱਚ ਪਰਿਵਰਤਨ ਕਰਕੇ, ਕੁਦਰਤੀ ਚਿਕਿਤਸਾ ਜਾਂ ਜੜੀਆਂ ਬੂਟੀਆਂ ਰਾਹੀਂ ਕਰੋ। ਤੁਰੰਤ ਡਾਕਟਰ ਕੋਲ ਨਾ ਜਾਓ ਅਤੇ ਨਾ ਹੀ ਦਵਾਈਆਂ ਦੇਣ ਦੇ ਚੱਕਰ ਵਿੱਚ ਪਓ। ਵਿਕਸਿਤ ਦੇਸ਼ਾਂ ਅਮਰੀਕਾ, ਕਨੇਡਾ ਆਦਿ ਵਿੱਚ ਛੇਤੀ ਕਿਤੇ ਡਾਕਟਰ ਦਵਾਈ ਹੀ ਨਹੀਂ ਦਿੰਦੇ। ਜਿਵੇਂ ਆਪਾਂ ਭੋਜਨ, ਪਹਿਰਾਵਾ, ਬੋਲਚਾਲ ਆਦਿ ਬਹੁਤ ਸਾਰੇ ਕੰਮਾਂ ਵਿੱਚ ਵਿਕਸਿਤ ਦੇਸ਼ਾਂ ਦੀ ਨਕਲ ਕਰਦੇ ਹਾਂ, ਇਸੇ ਤਰ੍ਹਾਂ ਸਾਨੂੰ ਬੱਚੇ ਨੂੰ ਦਵਾਈ ਨਾ ਦੇਣ ਵਾਲੀ ਪ੍ਰਥਾ ਦੀ ਵੀ ਨਕਲ ਕਰਨੀ ਚਾਹੀਦੀ ਹੈ। ਬੱਚੇ ਦੀ ਉਮਰ ਅਨੁਸਾਰ ਥੋੜ੍ਹਾ-ਥੋੜ੍ਹਾ ਯੋਗ-ਆਸਣ ਅਤੇ ਪ੍ਰਾਣਾਯਾਮ ਸ਼ੁਰੂ ਕਰਾਓ। ਤੁਸੀਂ ਯੋਗਾਸਣ, ਪ੍ਰਾਣਾਯਾਮ ਆਦਿ ਯੂ-ਟਿਊਬ ਉੱਤੇ ਦੇਖ ਕੇ ਸਿੱਖ ਸਕਦੇ ਹੋ। ਬਹੁਤ ਸਾਰੇ ਮੰਦਰਾਂ ਵਿੱਚ ਵੀ ਯੋਗ ਕੇਂਦਰ ਬਣੇ ਹੋਏ ਹਨ; ਉੱਥੇ ਜਾ ਕੇ ਵੀ ਸਿੱਖ ਸਕਦੇ ਹੋ।

ਆਪਣੇ ਬੱਚਿਆਂ ਨੂੰ ਆਯੁਰਵੇਦ ਅਤੇ ਕੁਦਰਤੀ ਇਲਾਜ ਦੇ ਗੁਣ: ਮਿੱਟੀ ਦਾ ਲੇਪ, ਸਾਦੀਆਂ ਜੜੀਆਂ-ਬੂਟੀਆਂ ਜਿਵੇਂ: ਕਾਲੀ ਮਿਰਚ, ਅਜਵਾਇਣ, ਹਰੜ, ਹਲਦੀ ਆਦਿ ਦੇ ਲਾਭ ਦੱਸੋ। ਬੱਚਿਆਂ ਦੇ ਸਾਹਮਣੇ ਇਹਨਾਂ ਵਸਤੂਆਂ ਨੂੰ ਆਪ ਵੀ ਵਰਤੋ ਤਾਂ ਕਿ ਬੱਚੇ ਦੇ ਮਨ ਵਿੱਚ ਇਹ ਬਚਪਨ ਤੋਂ ਹੀ ਬੈਠ ਜਾਏ ਕਿ "ਪ੍ਰਾਕ੍ਰਿਤਕ ਚਿਕਿਤਸਾ, ਜੜੀਆਂ-ਬੂਟੀਆਂ, ਸਾਦਾ ਜੀਵਨ, ਯੋਗ-ਆਸਣ, ਪ੍ਰਾਣਾਯਾਮ ਅਤੇ ਆਯੁਰਵੇਦ; ਸਰਵੋਤਮ ਹਨ। ਇਹਨਾਂ ਦਾ ਉਪਯੋਗ ਕਰਨ ਨਾਲ ਮੇਰਾ ਜੀਵਨ ਸੁਖੀ ਚੱਲੇਗਾ ਅਤੇ ਮੈਂ ਅਰੋਗ ਰਹਿ ਸਕਾਂਗਾ।" ਉਹਨਾਂ ਚੀਜ਼ਾਂ ਅਤੇ ਆਦਤਾਂ ਦੇ ਆਪ ਵੀ ਧਾਰਨੀ ਬਣੋ ਤਾਂ ਕਿ ਤੁਹਾਨੂੰ ਦੇਖ ਕੇ ਬੱਚਾ ਉਹਨਾਂ ਚੀਜ਼ਾਂ ਨੂੰ ਅਪਣਾਏ। ਅਜਿਹਾ ਕਰਕੇ ਤੁਸੀਂ ਬੱਚੇ ਨੂੰ ਚੰਗੇ ਸੰਸਕਾਰ ਦਿਓਗੇ, ਚੰਗੀਆਂ ਆਦਤਾਂ ਪਾ ਦਿਓਗੇ; ਜਿਹੜੀਆਂ ਪੂਰੀ ਉਮਰ ਉਸ ਦੇ ਲਈ ਲਾਭਦਾਇਕ ਰਹਿਣਗੀਆਂ ਅਤੇ ਜਿਸ ਨਾਲ ਬੱਚਾ ਵੀ ਅਰੋਗ ਰਹੇਗਾ।




# ਹੁਨਰਮੰਦ ਹੋਣਾ ਹੀ ਜ਼ਿੰਦਗੀ ਦੀ ਹੈ ਖ਼ੂਬਸੂਰਤੀ



**ਸਿੱਖਣ ਦਾ ਸ਼ੌਕ ਹੋਣਾ ਚਾਹੀਦਾ ਹੈ, ਸਿਖਾਉਣ ਵਾਲਿਆਂ ਦੀ ਕੋਈ ਕਮੀ ਨਹੀਂ ਹੈ। ਸਿੱਖਣ ਦੀ ਕੋਸ਼ਿਸ਼ ਕਰਨ ਵਾਲੇ ਤਾਂ ਆਪਣੇ-ਆਪ ਤੋਂ ਵੀ ਬਹੁਤ ਕੁਝ ਸਿੱਖ ਲੈਂਦੇ ਹਨ।**

ਜੇਕਰ ਕਿਸੇ ਕੰਮ ਨੂੰ ਕਰਨ ਦੀ ਦਿਲ ਵਿਚ ਰੀਝ ਹੋਵੇ ਤਾਂ ਜ਼ਿੰਮੇਵਾਰੀਆਂ ਕਦੇ ਵੀ ਥੱਕਣ ਨਹੀਂ ਦਿੰਦੀਆਂ। ਲਗਨ ਹੋਵੇ ਤਾਂ ਥਕਾਵਟ ਕਦੇ ਹਾਵੀ ਨਹੀਂ ਹੁੰਦੀ। ਸ਼ੌਕ ਹੋਵੇ ਤਾਂ ਨਿਰਾਸ਼ਾ ਨੇੜੇ ਨਹੀਂ ਆਉਂਦੀ। ਮਿਹਨਤਾਂ ਵਿਚ ਉਦਾਸੀਆਂ ਨੂੰ ਹਰਾ ਦੇਣ ਦੀ ਅਥਾਹ ਸ਼ਕਤੀ ਹੁੰਦੀ ਹੈ। ਇਕ ਇਰਾਦਾ, ਚਾਅ, ਸ਼ੌਕ, ਲਗਨ ਅਤੇ ਦਿਲਚਸਪੀ ਹੋਣੀ ਚਾਹੀਦੀ ਹੈ, ਵਰਨਾ ਸਿੱਖਣ ਦੀ ਕੋਈ ਉਮਰ ਨਹੀਂ ਹੁੰਦੀ। ਜੇਕਰ ਤੁਹਾਡੇ ਹੱਥਾਂ ਵਿਚ ਹੁਨਰ ਹੈ ਤਾਂ ਤੁਸੀਂ ਦੁਨੀਆ ਦੇ ਕਿਸੇ ਹਿੱਸੇ 'ਚ ਮਰਜ਼ੀ ਚਲੇ ਜਾਓ, ਤੁਸੀਂ ਬੇਰੁਜ਼ਗਾਰ ਨਹੀਂ ਹੋਵੋਗੇ। ਵੱਡੀਆਂ-ਵੱਡੀਆਂ ਗੱਲਾਂ ਨਾਲ ਤੁਸੀਂ ਸਿਆਣੇ ਨਹੀਂ ਹੋ ਸਕਦੇ, ਬਲਕਿ ਛੋਟੀਆਂ ਛੋਟੀਆਂ ਗੱਲਾਂ ਦੇ ਅਮਲ ਤੁਹਾਨੂੰ ਸਮਝਦਾਰ ਬਣਾਉਂਦੇ ਹਨ। ਅੱਜਕਲ੍ਹ ਮਾਪੇ ਅਕਸਰ ਇਸ ਗੱਲ ਦੀ ਸ਼ਿਕਾਇਤ ਕਰਦੇ ਹਨ ਕਿ ਉਨ੍ਹਾਂ ਦੇ ਬੱਚੇ-ਬੱਚੀਆਂ ਨਾ ਸਿਰਫ਼ ਪੜ੍ਹਾਈ ਵੱਲ ਘੱਟ ਧਿਆਨ ਦਿੰਦੇ ਹਨ, ਸਗੋਂ ਉਹ ਘਰੇਲੂ ਕੰਮਾਂ ਵਿਚ ਵੀ ਮਾਪਿਆਂ ਨਾਲ ਹੱਥ ਨਹੀਂ ਵਟਾਉਂਦੇ। ਮਾਵਾਂ ਇਸ ਗੱਲੋਂ ਦੁਖੀ ਹਨ ਕਿ ਉਨ੍ਹਾਂ ਦੀਆਂ ਧੀਆਂ ਪੜ੍ਹਾਈ ਵਿਚ ਤਾਂ ਠੀਕ ਹਨ ਪਰ ਉਹ ਘਰ ਦੇ ਕਿਸੇ ਕੰਮ ਵਿਚ ਕੋਈ ਦਿਲਚਸਪੀ ਨਹੀਂ ਲੈਂਦੀਆਂ। ਉਹ ਆਪਣਾ ਜ਼ਿਆਦਾਤਰ ਸਮਾਂ ਪੜ੍ਹਾਈ ਤੋਂ ਇਲਾਵਾ ਮੋਬਾਈਲ ਵਿਚ ਖਰਚ ਕਰ ਦਿੰਦੀਆਂ ਹਨ। ਦਿਲਚਸਪੀ ਤੋਂ ਬਗ਼ੈਰ ਕੁਝ ਵੀ ਸਿੱਖਿਆ ਨਹੀਂ ਜਾ ਸਕਦਾ। ਸ਼ੌਕ ਵਿਚੋਂ ਹੀ ਇਰਾਦੇ ਦਾ ਜਨਮ ਹੁੰਦਾ ਹੈ। ਨਿੱਕੇ-ਨਿੱਕੇ ਆਪਣੇ ਕੰਮ ਆਪ ਕਰਨ ਅਤੇ ਸਿੱਖਣ ਵਿਚ ਕੋਈ ਸ਼ਰਮ ਨਹੀਂ, ਸਗੋਂ ਸ਼ਰਮ ਤਾਂ ਇਸ ਗੱਲ ਵਿਚ ਹੁੰਦੀ ਹੈ ਜਦੋਂ ਸਾਨੂੰ ਕੋਈ ਕੰਮ ਕਰਨ ਲਈ ਕਹੇ ਜਾਂ ਕਰਨਾ ਪਵੇ ਪਰ ਸਾਨੂੰ ਉਸ ਨੂੰ ਕਰਨ ਦੀ ਜਾਚ ਨਾ ਹੋਵੇ। ਜੋ ਵਿਅਕਤੀ ਆਪਣੇ-ਆਪ ਬਾਰੇ ਵੀ ਕੋਈ ਸੋਚ ਨਹੀਂ ਰੱਖਦਾ, ਉਹ ਦੂਜਿਆਂ ਬਾਰੇ ਵੀ ਕੀ ਸੋਚ ਸਕਦਾ ਹੈ? ਨਿਮਰਤਾ ਤੋਂ ਵੱਡੀ ਕੋਈ ਤਾਕਤ ਨਹੀਂ, ਜੇਕਰ ਸਾਡੇ ਦੇਸ਼ ਦੀ ਲੜਕੀ ਚੰਨ 'ਤੇ ਜਾ ਸਕਦੀ ਹੈ, ਪਾਇਲਟ ਬਣ ਕੇ ਜੰਗੀ ਜਹਾਜ਼ ਚਲਾ ਸਕਦੀ ਹੈ, ਮਾਊਂਟ ਐਵਰੈਸਟ ਦੀਆਂ ਚੋਟੀਆਂ ਨੂੰ ਸਰ ਕਰ ਸਕਦੀ ਹੈ, ਦੇਸ਼ ਦੀ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਬਣ ਕੇ ਦੇਸ਼ ਚਲਾ ਸਕਦੀ ਹੈ ਤਾਂ ਫਿਰ ਸਾਡੀਆਂ ਲੜਕੀਆਂ ਆਪਣੇ ਨਿੱਕੇ-ਨਿੱਕੇ ਕੰਮਾਂ ਵਿਚ ਮੁਹਾਰਤ ਹਾਸਲ ਕਿਉਂ ਨਹੀਂ ਕਰ ਸਕਦੀਆਂ? ਤੁਸੀਂ ਹੁਨਰਮੰਦ ਬਣੋ ਤਾਂ ਕਿ ਤੁਸੀਂ ਹੀਣ ਭਾਵਨਾ ਤੋਂ ਬਚ ਸਕੋ। ਮਦਦ ਕਰਨ ਵਾਲੇ ਉਨ੍ਹਾਂ ਦੀ ਮਦਦ ਜ਼ਰੂਰ ਕਰਦੇ ਹਨ, ਜਿਹੜੇ ਆਪਣੀ ਮਦਦ ਆਪ ਕਰਦੇ ਹਨ। ਆਪਣੀ ਮਦਦ ਆਪ ਕਰਨ ਨਾਲ ਜਿਹੜੀ ਕਮੀ ਬਾਕੀ ਰਹਿ ਜਾਂਦੀ ਹੈ, ਉਸ ਕਮੀ ਨੂੰ ਪੂਰਾ ਕਰਨ ਲਈ ਬਹੁਤ ਸਾਰੇ ਹਮਦਰਦ ਦਿਲ, ਦਾਇਆਵਾਨ ਲੋਕ ਆਪਣੇ-ਆਪ ਪਹੁੰਚ ਜਾਂਦੇ ਹਨ। ਸਿੱਖਣ ਦਾ ਸ਼ੌਕ ਹੋਣਾ ਚਾਹੀਦਾ ਹੈ, ਸਿਖਾਉਣ ਵਾਲਿਆਂ ਦੀ ਕੋਈ ਕਮੀ ਨਹੀਂ ਹੈ। ਸਿੱਖਣ ਦੀ ਕੋਸ਼ਿਸ਼ ਕਰਨ ਵਾਲੇ ਤਾਂ ਆਪਣੇ-ਆਪ ਤੋਂ ਵੀ ਬਹੁਤ ਕੁਝ ਸਿੱਖ ਲੈਂਦੇ ਹਨ। ਜੇਕਰ ਤੁਸੀਂ ਆਪਣੇ ਕੰਮ ਆਪ ਨਹੀਂ ਕਰੋਗੇ ਤਾਂ ਦੁਨੀਆ ਉਸ ਕੰਮ ਨੂੰ ਕਰਨ ਲਈ ਤੁਹਾਡੇ ਤੋਂ ਦੁੱਗਣੀ ਕੀਮਤ ਵਸੂਲੇਗੀ। ਘਰ ਦੀ ਰਸੋਈ ਵਿਚ ਆਪਣਾ ਖਾਣਾ ਆਪ ਤਿਆਰ ਕਰੋ, ਇਸ ਨਾਲ ਨਾ ਸਿਰਫ਼ ਤੁਸੀਂ ਆਪਣਾ ਮਨਪਸੰਦ ਖਾਣਾ ਤਿਆਰ ਕਰ ਸਕਦੇ ਹੋ, ਸਗੋਂ ਇਸ ਨਾਲ ਤੁਹਾਡੇ ਆਤਮ-ਵਿਸ਼ਵਾਸ 'ਚ ਵੀ ਵਾਧਾ ਹੋਵੇਗਾ। ਖਾਣਾ ਤਿਆਰ ਕਰਨਾ, ਕੱਪੜੇ ਧੋਣਾ, ਘਰ ਦੀ ਸਫ਼ਾਈ ਆਦਿ ਤੁਸੀਂ ਖ਼ੁਦ ਕਰੋਗੇ ਤਾਂ ਤੁਹਾਨੂੰ ਮਾਵਾਂ ਦੀ ਮਿਹਨਤ ਦੇ ਸਹੀ ਮੁੱਲ ਦਾ ਪਤਾ ਲੱਗੇਗਾ। ਹੁਨਰਮੰਦ ਲੜਕੀਆਂ ਜਿਥੇ ਵੀ ਜਾਣ, ਉਹ ਆਪਣੀ ਲਿਆਕਤ, ਕਲਾ, ਯੋਗਤਾ ਅਤੇ ਸਿਆਣਪ ਜ਼ਰੀਏ ਦੂਜਿਆਂ ਦੇ ਦਿਲ ਵਿਚ ਥਾਂ ਬਣਾ ਹੀ ਲੈਂਦੀਆਂ ਹਨ। ਹੁਨਰਮੰਦ ਹੱਥ ਹਮੇਸ਼ਾ ਹੀ ਖ਼ੂਬਸੂਰਤ ਹੁੰਦੇ ਹਨ। ਨਿੰਦਿਆ, ਚੁਗਲੀ, ਲੜਾਈ, ਝਗੜਾ, ਬਹਿਸ, ਵਿਖਾਵਾ, ਫ਼ਜ਼ੂਲ ਖਰਚੀ, ਬੇਈਮਾਨੀ ਆਦਿ ਸਭ ਅਲਾਮਤਾਂ ਆਲਸ, ਬੇਸਮਝੀ, ਘੁਮੰਡ, ਹਾਉਮੈ ਆਦਿ ਦੀ ਦੇਣ ਹਨ। ਜੋ ਚਾਹੁੰਦੇ ਹੋ, ਉਸ ਲਈ ਤਿਆਰ ਹੋਵੋ, ਜੋ ਨਹੀਂ ਹੈ, ਉਸ ਨੂੰ ਸਵੀਕਾਰ ਕਰੋ। ਮੈਂ ਇਹ ਕੰਮ ਕਰ ਸਕਦੀ ਹਾਂ ਅਤੇ ਕਰਨਾ ਜਾਣਦੀ ਹਾਂ ਪਰ ਕਰਦੀ ਨਹੀਂ ਹਾਂ ਤਾਂ ਇਸ ਦਾ ਸਿੱਧਾ ਮਤਲਬ ਹੈ ਕਿ ਤੁਸੀਂ ਉਸ ਕੰਮ ਦੀ ਸਹੀ ਕੀਮਤ ਤੋਂ ਵਾਕਿਫ਼ ਨਹੀਂ ਹੋ। ਇਹ ਬਹੁਤ ਵੱਡਾ ਭੁਲੇਖਾ ਹੈ ਕਿ ਲੋਕ ਸਿਰਫ਼ ਤੁਹਾਡੀ ਸੁੰਦਰਤਾ ਨੂੰ ਹੀ ਪਿਆਰ ਕਰਦੇ ਹਨ। ਕੰਮ ਸਿੱਖਣ ਲਈ ਕੰਮ ਨੂੰ ਸਮਾਂ ਦੇਣਾ ਪੈਂਦਾ ਹੈ। ਰਿਸ਼ਤਾ ਨਿਭਾਉਣ ਲਈ ਰਿਸ਼ਤੇ ਨੂੰ ਸਮਾਂ ਦੇਣਾ ਪੈਂਦਾ ਹੈ। ਸਿਰਫ਼ ਸਿਲੇਬਸ ਦੀ ਪੜ੍ਹਾਈ ਵਿਚ ਤੁਹਾਡਾ ਹੁਸ਼ਿਆਰ ਹੋਣਾ ਹੀ ਕਾਫ਼ੀ ਨਹੀਂ ਹੈ, ਤੁਹਾਡੇ ਕੋਲ ਹੋਰ ਕੰਮਾਂ ਦੇ ਹੁਨਰ ਵੀ ਹੋਣੇ ਚਾਹੀਦੇ ਹਨ, ਕਿਉਂਕਿ ਆਉਣ ਵਾਲਾ ਸਮਾਂ ਬੜੀ ਤੇਜ਼ੀ ਨਾਲ ਇਸ ਗੱਲ ਦੀ ਮੰਗ ਕਰ ਰਿਹਾ ਹੈ। ਇਸੇ ਨੂੰ ਅਸੀਂ ਆਤਮ ਨਿਰਭਰ ਹੋਣਾ ਕਹਿੰਦੇ ਹਾਂ।

—ਰਾਜੂ ਸਿੰਘ

## ਰਸੋਈ

# ਦਹੀਂ ਪੋਹਾ ਪਕੌੜਾ



**ਸਮੱਗਰੀ :** ਗਾੜ੍ਹਾ ਤੇ ਤਾਜ਼ਾ ਦਹੀਂ ਦੋ ਕੌਲੀ, ਅੱਧੀ ਕੌਲੀ ਪਤਲੇ ਪੋਹੇ, ਬੇਸਨ, ਲਾਲ ਮਿਰਚ ਪਾਊਡਰ, ਪੀਸਿਆ ਹੋਇਆ ਗਰਮ ਮਸਾਲਾ, ਚਾਟ ਮਸਾਲਾ, ਹਰਾ ਧਨੀਆ, ਹਰੀ ਮਿਰਚ, ਸੁੱਕਾ ਪੁਦੀਨਾ ਬਾਰੀਕ ਕੀਤਾ ਹੋਇਆ। ਸੁੱਕੀ ਬ੍ਰੈੱਡ ਦਾ ਚੂਰਾ, ਨਮਕ, ਤੇਲ।

**ਬਣਾਉਣ ਦੀ ਵਿਧੀ :** ਦਹੀਂ ਨੂੰ ਡੌਂਗੇ ਵਿਚ ਪਾ ਕੇ ਚੰਗੀ ਤਰ੍ਹਾਂ ਨਾਲ ਮੈਸ਼ ਕਰ ਲਓ। ਪੋਹੇ ਨੂੰ ਸਾਫ਼ ਕਰਕੇ ਧੋ ਲਓ, ਫਿਰ ਦਹੀਂ ਵਿਚ ਪਾਓ। ਹਰੀ ਮਿਰਚ ਤੇ ਹਰਾ ਧਨੀਆ ਬਾਰੀਕ ਕੱਟ ਕੇ ਪਾਓ ਤੇ ਲਾਲ ਮਿਰਚ ਪਾਊਡਰ, ਪੀਸਿਆ ਹੋਇਆ ਗਰਮ ਮਸਾਲਾ, ਚਾਟ ਮਸਾਲਾ ਤੇ ਸੁੱਕਾ ਪਦੀਨਾ ਅਤੇ ਸਵਾਦ ਅਨੁਸਾਰ ਨਮਕ ਪਾ ਕੇ ਚੰਗੀ ਤਰ੍ਹਾਂ ਨਾਲ ਮਿਲਾ ਲਓ ਅਤੇ ਗਾੜ੍ਹਾ ਮਿਸ਼ਰਨ ਤਿਆਰ ਕਰੋ। ਬੇਸਣ ਨੂੰ ਡੌਂਗੇ ਵਿਚ ਪਾ ਕੇ ਪਾਣੀ ਨਾਲ ਘੋਲ ਤਿਆਰ ਕਰੋ। ਫਿਰ ਇਸ ਵਿਚ ਥੋੜ੍ਹਾ ਨਮਕ ਤੇ ਲਾਲ ਮਿਰਚ ਪਾਊਡਰ ਪਾਓ ਅਤੇ ਮਿਲਾ ਲਓ। ਬ੍ਰੈੱਡ ਦੇ ਚੂਰੇ ਨੂੰ ਇਕ ਵੱਡੀ ਪਲੇਟ ਵਿਚ ਰੱਖ ਕੇ ਫੈਲਾਓ। ਕੜ੍ਹਾਈ ਵਿਚ ਤੇਲ ਪਾ ਕੇ ਤੇਜ਼ ਅੱਗ 'ਤੇ ਗਰਮ ਕਰੋ। ਹੁਣ ਦਹੀਂ ਪੋਹੇ ਦੇ ਮਿਸ਼ਰਨ ਨੂੰ ਹੱਥ ਵਿਚ ਲਓ ਅਤੇ ਥੋੜ੍ਹਾ ਹਥੇਲੀ 'ਤੇ ਤੇਲ ਲਗਾ ਕੇ ਮਿਸ਼ਰਨ ਨੂੰ ਆਕਾਰ ਦਿਓ, ਨਾਲ ਹੀ ਥੋੜ੍ਹਾ ਬ੍ਰੈੱਡ ਦਾ ਚੂਰਾ ਵੀ ਲਗਾ ਲਓ। ਹੁਣ ਇਸ ਨੂੰ ਬੇਸਣ ਦੇ ਘੋਲ ਵਿਚ ਲਪੇਟ ਕੇ, ਫਿਰ ਬ੍ਰੈੱਡ ਦੇ ਚੂਰੇ ਵਿਚ ਚੰਗੀ ਤਰ੍ਹਾਂ ਨਾਲ ਥਪਥਪਾਓ, ਫਿਰ ਗਰਮ ਤੇਲ ਵਿਚ ਪਾਓ ਅਤੇ ਥੋੜ੍ਹੀ ਅੱਗ ਹੌਲੀ ਕਰ ਕੇ ਇਸ ਨੂੰ ਸੁਨਹਿਰੀ ਭੂਰਾ ਹੋਣ ਤੱਕ ਤਲੋ। ਫਿਰ ਅੱਗ ਤੋਂ ਹੇਠਾਂ ਲਾਹੋ। ਇਸ ਤਰ੍ਹਾਂ ਦਹੀਂ ਪੋਹਾ ਪਕੌੜਾ ਤਿਆਰ ਹੈ। ਗਰਮ-ਗਰਮ ਦਹੀਂ ਪੋਹੇ ਪਕੌੜੇ ਨੂੰ ਖੱਟੀ-ਮੀਠੀ ਚਟਨੀ ਨਾਲ ਪੇਸ਼ ਕਰੋ।

BRITISH COLUMBIA | StrongerBC

"ਕੀ ਮੈਨੂੰ ਲੋੜੀਂਦੀਆਂ ਸਿਹਤ-ਸੰਭਾਲ ਸੇਵਾਵਾਂ ਮਿਲ ਸਕਦੀਆਂ ਹਨ?"



ਬੀ ਸੀ ਸਰਕਾਰ ਸਿਹਤ-ਸੰਭਾਲ ਤੱਕ ਪਹੁੰਚ ਅਤੇ ਸੇਵਾਵਾਂ ਨੂੰ ਮਜ਼ਬੂਤ ਕਰਨ ਲਈ ਕੰਮ ਕਰ ਰਹੀ ਹੈ ਤਾਂ ਜੋ ਤੁਹਾਨੂੰ ਲੋੜੀਂਦੀ ਦੇਖਭਾਲ ਪ੍ਰਾਪਤ ਕਰਨ ਵਿੱਚ ਮਦਦ ਕੀਤੀ ਜਾ ਸਕੇ, ਜਦੋਂ ਤੁਹਾਨੂੰ ਇਸਦੀ ਲੋੜ ਹੈ।

- ਵਧੇਰੇ ਡਾਕਟਰਾਂ, ਨਰਸਾਂ ਅਤੇ ਸਹਾਇਕ ਸਿਹਤ ਪੇਸ਼ੇਵਰਾਂ ਦੀ ਭਰਤੀ ਕਰਕੇ
- ਕੈਂਸਰ ਦੀ ਰੋਕਥਾਮ, ਸਕ੍ਰੀਨਿੰਗ ਅਤੇ ਇਲਾਜ ਲਈ ਵਧੇਰੇ ਫੰਡਿੰਗ ਉਪਲਬਧ ਕਰਕੇ
- ਫਾਰਮਾਸਿਸਟਾਂ ਵਲੋਂ ਹੁਣ ਕਈ ਅਵਸਥਾਵਾਂ ਲਈ ਦਵਾਈਆਂ ਪ੍ਰਿਸਕਰਾਈਬ ਕਰਕੇ
- ਵਧੇਰੇ ਬਜ਼ੁਰਗਾਂ ਲਈ ਘਰੇਲੂ ਅਤੇ ਭਾਈਚਾਰਕ-ਸੰਭਾਲ ਸੇਵਾਵਾਂ ਦਾ ਵਿਸਥਾਰ ਕਰਕੇ

StrongerBC.ca/Healthcare 'ਤੇ ਜਾਣੋ ਕਿ ਬੀ ਸੀ ਉਹਨਾਂ ਮੁੱਦਿਆਂ 'ਤੇ ਕਿਵੇਂ ਕਾਰਵਾਈ ਕਰ ਰਿਹਾ ਹੈ, ਜੋ ਮਾਅਨੇ ਰੱਖਦੇ ਹਨ

# ਰੋਜ਼ਾਨਾ ਲੱਸੀ ਪੀਣ ਨਾਲ ਹੁੰਦੀਆਂ ਹਨ ਇਹ ਪਰੇਸ਼ਾਨੀਆਂ ਦੂਰ

ਗਰਮੀਆਂ ਦੇ ਦਿਨਾਂ 'ਚ ਧੁੱਪ ਦੇ ਕਾਰਨ ਲੋਕਾਂ ਨੂੰ ਕਈ ਪਰੇਸ਼ਾਨੀਆਂ ਹੁੰਦੀਆਂ ਹਨ। ਅਜਿਹੀ ਹਾਲਤ 'ਚ ਜੇਕਰ ਦਹੀਂ ਦੀ ਲੱਸੀ ਕੇ ਰੋਜ਼ ਪੀਤੀ ਜਾਵੇ ਤਾਂ ਇਸ ਨਾਲ ਸਰੀਰ ਨੂੰ ਬਹੁਤ ਫਾਇਦੇ ਹੁੰਦੇ ਹਨ। ਖਾਸ ਗੱਲ ਇਹ ਹੈ ਕਿ ਜੇਕਰ ਤੁਸੀਂ ਭੋਜਨ ਕਰਨ ਤੋਂ ਬਾਅਦ ਲੱਸੀ ਪੀਓਗੇ ਤਾਂ ਇਸ ਨਾਲ ਜੋੜਾਂ ਦੇ ਦਰਦ ਤੋਂ ਰਾਹਤ ਮਿਲੇਗੀ। ਲੱਸੀ ਜਿੱਥੇ ਸਰੀਰ ਨੂੰ ਠੰਡਕ ਪਹੁੰਚਾਉਣ ਦਾ ਕੰਮ ਕਰਦੀ ਹੈ, ਉੱਥੇ ਹੀ ਇਹ ਸਰੀਰ ਦੇ ਲਈ ਕਾਫੀ ਫਾਇਦੇਮੰਦ ਵੀ ਹੁੰਦੀ ਹੈ। ਅੱਜ ਅਸੀਂ ਤੁਹਾਨੂੰ ਲੱਸੀ ਦੇ ਗੁਣਾਂ ਬਾਰੇ ਦੱਸਣ ਜਾ ਰਹੇ ਹਾਂ, ਜਿਸਨੂੰ ਜ਼ਿਆਦਾਤਰ ਲੋਕ ਨਹੀਂ ਜਾਣਦੇ। ਕਬਜ਼ 'ਚ ਲੱਸੀ ਦਾ ਇਸਤੇਮਾਲ ਕਿਸੇ ਅਮ੍ਰਿਤ ਤੋਂ ਘੱਟ ਨਹੀਂ ਹੈ। ਕਬਜ਼ ਹੋਣ 'ਤੇ ਲੱਸੀ 'ਚ ਅਜਵਾਇਨ ਮਿਲਾ ਕੇ ਪੀਣ ਨਾਲ ਕੁੱਝ ਹੀ ਦਿਨਾਂ 'ਚ ਇਸ ਪਰੇਸ਼ਾਨੀ ਤੋਂ ਰਾਹਤ ਮਿਲਦੀ ਹੈ। ਪੇਟ ਦੀ ਸਫਾਈ ਲਈ ਗਰਮੀਆਂ 'ਚ ਪੁਦੀਨਾ ਮਿਲਾਕੇ ਲੱਸੀ ਪੀਓ। ਜਿਨ੍ਹਾਂ ਲੋਕਾਂ ਨੂੰ ਭੋਜਨ ਠੀਕ ਤਰ੍ਹਾਂ ਨਹੀਂ ਪਚਦਾ। ਉਨ੍ਹਾਂ ਨੂੰ ਰੋਜ਼ਾਨਾਂ ਲੱਸੀ 'ਚ ਭੁੰਨੇ ਜੀਰੇ ਦਾ ਪਾਊਡਰ, ਕਾਲੀ ਮਿਰਚ ਦਾ ਪਾਊਡਰ ਅਤੇ ਸੇਂਧਾ ਨਮਕ ਸਾਮਾਨ ਮਾਤਰਾ 'ਚ ਮਿਲਾ ਕੇ ਹੌਲੀ-ਹੌਲੀ ਪੀਣਾ ਚਾਹੀਦਾ ਹੈ। ਲੱਸੀ 'ਚ ਵਿਟਾਮਿਨ-ਸੀ, ਏ, ਈ, ਕੇ ਅਤੇ ਬੀ ਪਾਏ ਜਾਂਦੇ ਹਨ, ਜੋ ਸਰੀਰ ਦੇ ਪੋਸ਼ਣ ਦੀ ਕਮੀ ਨੂੰ ਪੂਰਾ ਕਰਦੇ ਹਨ। ਗਰਮੀ ਦੀ ਵਜ੍ਹਾ ਕਰਕੇ ਸਰੀਰਕ ਸਮੱਸਿਆ ਹੋ ਜਾਂਦੀ ਹੈ ਜਾ ਫਿਰ ਲੂ ਲੱਗਣ 'ਤੇ ਲੱਸੀ ਦਾ ਇਸਤੇਮਾਲ ਕਰਨਾ ਸਭ ਤੋਂ ਵਧੀਆ ਹੈ। ਇਸਦੀ ਤਾਸੀਰ ਠੰਡੀ ਹੁੰਦੀ ਹੈ। ਜੇਕਰ ਅੱਖਾਂ 'ਚ ਜਲਨ ਹੋ ਰਹੀ ਹੈ ਤਾਂ ਦਹੀਂ 'ਚ ਮਲਾਈ ਮਿਲਾ ਕੇ ਪਲਕਾਂ 'ਤੇ ਲਗਾਓ। ਇਸਦੇ ਨਾਲ ਹੀ ਜੇਕਰ ਤੁਸੀਂ ਲੱਸੀ ਰੋਜ਼ ਪੀਂਦੇ ਹੋ ਤਾਂ ਤੁਹਾਨੂੰ ਇਸ ਨਾਲ ਕਾਫੀ ਆਰਾਮ ਮਿਲੇਗਾ। ਇਸ 'ਚ ਬਾਕੀ ਤੱਤਾਂ ਦੇ ਨਾਲ-ਨਾਲ ਕੈਲਸ਼ੀਅਮ ਦੀ ਮਾਤਰਾ ਕਾਫੀ ਹੁੰਦੀ ਹੈ, ਜੋ ਹੱਡੀਆਂ ਨੂੰ ਮਜ਼ਬੂਤ ਬਣਾਉਣ ਦਾ ਕੰਮ ਕਰਦਾ ਹੈ। ਰੋਜ਼ ਇਕ ਗਿਲਾਸ ਲੱਸੀ ਪੀਣ ਨਾਲ ਕੋਲੈਸਟਰੋਲ ਪੱਧਰ ਘੱਟ ਹੁੰਦਾ ਹੈ ਅਤੇ ਦਿਲ ਦੇ ਦੌਰੇ ਦਾ ਖਤਰਾ ਘੱਟ ਜਾਂਦਾ ਹੈ। ਲੱਸੀ 'ਚ ਮਿਸ਼ਰੀ, ਕਾਲੀ ਮਿਰਚ ਅਤੇ ਸੇਂਧਾ ਨਮਕ ਮਿਲਾ ਕੇ ਪੀਣ ਨਾਲ ਗੈਸ ਦੀ ਪਰੇਸ਼ਾਨੀ ਦੂਰ ਹੋ ਜਾਂਦੀ ਹੈ।





# ਸੌਂਫ ਕਈ ਬਿਮਾਰੀਆਂ ਨੂੰ ਕਰੇ ਇਕ ਮਿੰਟ 'ਚ ਦੂਰ

ਅੱਜ-ਕਲ੍ਹ ਗੈਸ ਦੀ ਬੀਮਾਰੀ ਹਰ ਕਿਸੇ ਨੂੰ ਹੋਣਾ ਆਮ ਗੱਲ ਹੈ। ਇਸ ਲਈ ਅੱਜ ਅਸੀਂ ਤੁਹਾਨੂੰ ਗੈਸ ਦੀ ਇਸ ਬੀਮਾਰੀ ਠੀਕ ਕਰਨ ਦੇ ਕੁਝ ਤਰੀਕੇ ਦੱਸ ਰਹੇ ਹਾਂ। ਸੌਂਫ 'ਚ ਕਈ ਪੋਸ਼ਣ ਤੱਤ ਹੁੰਦੇ ਹਨ ਜੋ ਸਰੀਰ ਨੂੰ ਸਿਹਤਮੰਦ ਬਣਾਈ ਰੱਖਣ 'ਚ ਮਦਦ ਕਰਦੇ ਹਨ। ਸੌਂਫ ਖਾਣ ਨਾਲ ਯਾਦਸ਼ਕਤੀ ਵੱਧਦੀ ਹੈ ਅਤੇ ਸਰੀਰ ਨੂੰ ਠੰਡਕ ਮਿਲਦੀ ਹੈ। ਇਸ ਦੇ ਇਲਾਵਾ ਇਹ ਅਪਚ, ਐਸੀਡਿਟੀ ਅਤੇ ਪੇਟ 'ਚ ਗੈਸ ਬਣਨ ਤੋਂ ਵੀ ਰੋਕਦੀ ਹੈ। ਆਓ ਸੌਂਫ ਖਾਣ ਦੇ ਕੁਝ ਹੋਰ ਤਰੀਕੇ ਜਾਣਦੇ ਹਾਂ।

### 1. ਸੌਂਫ ਦੀ ਚਾਹ

ਪੇਟ ਦੀ ਗੈਸ ਦੂਰ ਕਰਨਾ ਦਾ ਇਕ ਤਰੀਕਾ ਸੌਂਫ ਦੀ ਚਾਹ ਪੀਣਾ ਹੈ। ਇਸ ਲਈ ਦੋ ਚਮਚ ਪੀਸੀ ਹੋਈ ਸੌਂਫ ਨੂੰ ਇਕ ਕੱਪ ਪਾਣੀ 'ਚ ਪਾ ਕੇ ਉਬਾਲੋ। ਹੁਣ ਇਸ 'ਚ ਚਾਹ ਦਾ ਪਾਊਡਰ, ਥੋੜ੍ਹਾ ਗੁੜ ਅਤੇ ਇਕ ਚੌਥਾਈ ਦੁੱਧ ਮਿਲਾਓ। ਇਸ ਨੂੰ ਚੰਗੀ ਤਰ੍ਹਾਂ ਗਰਮ ਕਰੋ ਅਤੇ ਛਾਣ ਕੇ ਪੀਓ। ਤੁਹਾਨੂੰ ਤੁਰੰਤ ਗੈਸ ਅਤੇ ਅਪਚ ਤੋਂ ਰਾਹਤ ਮਿਲੇਗੀ।

### 2. ਇਲਾਇਚੀ ਤੇ ਅਦਰਕ ਨਾਲ ਸੌਂਫ

ਇਸ ਲਈ ਇਕ ਚਮਚ ਸੌਂਫ ਅਤੇ ਅਦਰਕ ਦਾ ਇਕ ਛੋਟਾ ਟੁੱਕੜਾ ਲਓ। ਇਸ ਨੂੰ ਇਕ ਕੱਪ ਪਾਣੀ 'ਚ ਮਿਲਾ ਕੇ ਉਬਾਲੋ। ਇਸ ਮਿਸ਼ਰਣ ਨੂੰ ਦਿਨ 'ਚ ਖਾਣਾ ਖਾਣ ਦੇ ਬਾਅਦ ਦੋ-ਤਿੰਨ ਵਾਰੀ ਲਓ। ਅਦਰਕ ਦੀ



ਮਦਦ ਨਾਲ ਸਰੀਰ 'ਚ ਬਣੀ ਗੈਸ ਬਾਹਰ ਨਿਕਲ ਜਾਂਦੀ ਹੈ।

### 3. ਸੌਂਫ ਨੂੰ ਚਬਾ ਕੇ ਖਾਓ

ਪੇਟ ਦੀ ਗੈਸ ਠੀਕ ਕਰਨ ਲਈ ਤੁਸੀਂ ਖਾਣਾ ਖਾਣ ਮਗਰੋਂ ਸੌਂਫ ਖਾ ਸਕਦੇ ਹੋ। ਤੁਸੀਂ ਇਸ ਨੂੰ ਦਿਨ 'ਚ ਤਿੰਨ ਤੋਂ ਚਾਰ ਵਾਰੀ ਖਾਓ। ਇਸ ਨਾਲ ਅੰਤੜਿਆਂ 'ਚ ਫਸੀ ਗੈਸ ਤੁਰੰਤ ਬਾਹਰ ਆ ਜਾਵੇਗੀ।

### 4. ਪੁਦੀਨੇ ਨਾਲ ਸੌਂਫ

ਇਕ ਚਮਚ ਸੌਂਫ, ਇਕ-ਦੋ ਪੁਦੀਨੇ ਦੇ ਪੱਤਿਆਂ ਨੂੰ, ਇਕ ਚੌਥਾਈ ਇਲਾਇਚੀ ਪਾਊਡਰ ਨਾਲ ਇਕ ਕੱਪ ਪਾਣੀ 'ਚ ਮਿਲਾ ਲਓ। ਇਸ ਨੂੰ ਪੰਜ ਮਿਟ ਲਈ ਉਬਾਲੋ ਅਤੇ ਛਾਣ ਲਓ। ਪੁਦੀਨੇ 'ਚ ਐਂਟੀ ਸੈਪਟਿਕ ਗੁਣ ਹੁੰਦੇ ਹਨ ਜਿਸ ਨਾਲ ਪਾਚਨ ਤੰਤਰ ਦੀਆਂ ਮਾਸਪੇਸ਼ੀਆਂ ਨੂੰ ਆਰਾਮ ਮਿਲਦਾ ਹੈ। ਜਦੋਂ ਵੀ ਤੁਹਾਨੂੰ ਗੈਸ ਦੀ ਪਰੇਸ਼ਾਨੀ ਹੋਵੇ ਇਸ ਨੂੰ ਹੀ ਪੀਓ।

### 5. ਸੌਂਫ, ਕਾਲੀ ਮਿਰਚ ਅਤੇ ਕਾਲਾ ਨਮਕ

ਇਸ ਲਈ 50 ਗ੍ਰਾਮ ਸੌਂਫ, 25 ਗ੍ਰਾਮ ਕਾਲੀ ਮਿਰਚ ਅਤੇ 50 ਗ੍ਰਾਮ ਕਾਲਾ ਨਮਕ ਲਓ। ਇਸ ਨੂੰ ਚੰਗੀ ਤਰ੍ਹਾਂ ਪੀਸ ਲਓ ਅਤੇ ਇਸ ਦਾ ਪਾਊਡਰ ਬਣਾ ਲਓ। ਇਸ ਪਾਊਡਰ ਨੂੰ ਦਿਨ 'ਚ ਇਕ ਚਮਚ ਕੋਸੇ ਪਾਣੀ ਨਾਲ ਲਓ।

### 6. ਸੌਂਫ, ਧਨੀਆ ਅਤੇ ਜੀਰਾ

ਇਸ ਲਈ ਸੌਂਫ ਦਾ ਇਕ ਚਮਚ, ਇਕ ਚਮਚ ਧਨੀਆ ਅਤੇ ਇਕ ਚਮਚ ਜੀਰਾ ਲਓ। ਇਨ੍ਹਾਂ ਨੂੰ ਪੀਸ ਕੇ ਪਾਊਡਰ ਬਣਾ ਲਓ। ਇਸ ਪਾਊਡਰ ਨੂੰ ਭੋਜਨ ਕਰਨ ਤੋਂ ਪਹਿਲਾਂ ਖਾਓ। ਤੁਹਾਡੇ ਪੇਟ 'ਚ ਗੈਸ ਬਣਨੀ ਬੰਦ ਹੋ ਜਾਵੇਗੀ।

### 7. ਸੌਂਫ ਅਤੇ ਸੰਤਰੇ ਦੇ ਛਿਲਕੇ

ਇਕ ਚਮਚ ਸੌਂਫ ਅਤੇ ਸੰਤਰੇ ਦੇ ਛਿਲਕੇ ਪਾਣੀ 'ਚ ਉਬਾਲ ਲਓ। ਇਸ ਨੂੰ ਛਾਣ ਕੇ ਇਸ 'ਚ ਇਕ ਚਮਚ ਸ਼ਹਿਦ ਮਿਲਾਓ। ਇਸ ਨੂੰ ਖਾਣਾ ਖਾਣ ਤੋਂ ਪਹਿਲਾਂ ਖਾਓ। ਇਸ ਨਾਲ ਵੀ ਗੈਸ ਬਣਨੀ ਬੰਦ ਹੋ ਜਾਵੇਗੀ।


Buying Your Home?
Need a Quick Approval for Pre-Sale of Condo?
Ranked One of The "TOP MORTGAGE BROKERS" in Canada
2022 TOP 75 BROKERS CMP
plus BONUS® FREE LEGAL FEE & APPRAISAL
Superior Mortgage
Unit 244-8138-128 Street, Surrey
604 507 1000
Our Symbol of Care & Service





ਸ਼ੋਰ ਸਾਈਡ ਫਿਸ਼ ਕੈਨਰੀ





ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।
ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
PHONE: 604-244-1118
FAX: 604-270-3075
ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED


TRANSource
FREIGHTWAYS
ਕੰਮ ਲਈ Drivers and Owner Operators ਚਾਹੀਦੇ ਹਨ।
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
ਟਰਾਂਸ ਸੋਰਸ ਨਾਲ ਸਾਰਾ ਦਿਨ ਕੰਮ ਕਰਕੇ ਤੁਸੀਂ ਸ਼ਾਮ ਨੂੰ ਆਪਣੇ ਪਰਿਵਾਰ ਅਤੇ ਬਚਿਆਂ ਨਾਲ ਕੀਮਤੀ ਸਮਾਂ ਬਿਤਾ ਸਕਦੇ ਹੋ।
BC - ALBERTA
ALBERTA - BC
Fuel and Insurance Paid by Company
NO DEDUCTIONS!!
ਸਾਡੀ ਕੰਪਨੀ
ਓਨਰ ਓਪਰੇਟਰਾਂ ਨੂੰ
ਲੋਕਲ ਅਤੇ ਹਾਈਵੇਅ ਰੂਟਾਂ
ਵਾਸਤੇ ਹਾਇਰ ਕਰ ਰਹੀ ਹੈ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
SUKHBIR SINGH:604-525-0527 Ext 112
ਸੋਮਵਾਰ ਤੋਂ ਸ਼ੁੱਕਰਵਾਰ ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ
ਸ਼ਨੀਵਾਰ: 604-808-9805
Email:safety@transourcefreightways.com


HAPPY EASTER
fruiticana hee jaana!
LOWEST PRICES IN TOWN
UNBEATABLE EXTRA SUPER SPECIAL
Rajan Mangoes (Haden)
ਰਾਜਨ ਹੇਡਨ ਅੰਬ
$17.99 box
EXTRA SUPER SUPER SPECIAL
Jumbo Size Cauliflower (Size 9)
ਵੱਡਾ ਗੋਬੀ ਦਾ ਫੁੱਲ ਸਾਈਜ਼ 9
$3.98 ea.
Desi Karela
ਦੇਸੀ ਕਰੇਲਾ
$1.88 lb
SUPER SPECIAL
Yellow Onions 50 lbs
ਪੀਲੇ ਗੰਢੇ
$23.98 bag
SUPER SPECIAL
Fresh Ginger
ਤਾਜ਼ਾ ਅਦਰਕ
$1.48 lb
SUPER SPECIAL
Rapini (Sarson da Saag)
ਸਰਸੋਂ ਦਾ ਸਾਗ
$2.79 bunch
Red Lentil Split
ਧੋਤੀ ਮਸਰਾਂ ਦੀ ਦਾਲ
88¢ lb
Fine Cane Sugar (Indican) 4 lbs
ਗੰਨੇ ਦੀ ਖੰਡ 4lbs
$4.49 bag
SUPER SPECIAL
Cilantro
ਧਣੀਆ
2 bunches for $1.49
SUPER SPECIAL
Long English Cucumber
ਲੰਬੇ ਇੰਗਲਿਸ਼ ਖੀਰੇ
2 for $1.50
Opo Squash (Long)
ਓਪੋ ਕੱਦੂ
98¢ lb
Red Lentil Whole, Red Lentil Split & Black Chana 4 lbs (Indican)
ਧੋਤੀ ਮਸਰਾਂ ਦੀ ਦਾਲ ਮਸਰਾ ਦੀ ਸਾਬਤ ਦਾਲ, ਕਾਲੇ ਛੋਲੇ (ਇੰਡੀਕੈਨ)
$3.98 bag
Chickpeas
ਚਿੱਟੇ ਛੋਲੇ
98¢ lb
Seviyan Egg-Free 300 g
ਸੇਵੀਆਂ ਐਗਫ੍ਰੀ 300 ਗ੍ਰਾਮ
2 Packs for $2.99
Indian Eggplants
ਦੇਸੀ ਬਤਾਊਂ
$1.29 lb
Long Eggplants
ਲੰਬੇ ਬਤਾਊਂ
$1.49 lb
Red Lentil Whole
ਮਸਰਾ ਦੀ ਸਾਬਤ ਦਾਲ
88¢ lb
Almonds #1 Large Size
ਵੱਡੇ ਬਦਾਮ
$3.98 lb
Red Delicious Apples USA #1
ਲਾਲ ਸਵਾਦ ਸੇਬ ਯੂ.ਐਸ. #1
88¢ lb
Large Seedless Oranges
ਵੱਡੇ ਸੰਤਰੇ (ਬਿਨਾ ਬੀਜ ਤੋਂ)
99¢ lb
Zucchini Squash
ਜ਼ੁਕੀਨੀ ਸਕੁਐਸ਼
78¢ lb
Almond Oil 1 L (Indican)
ਇੰਡੀਕੈਨ ਬਦਾਮ ਦਾ ਤੇਲ
$12.99 bottle
Sher Besan 4 lbs
ਸ਼ੇਰ ਵੇਸਣ
$3.98 bag
Daikon (Moli)
ਮੂਲੀ
99¢ lb
Russet Potatoes Snoboy 10 lbs
ਆਲੂ ਰਸਟ ਸਨੋਬੁਆਏ
$3.99 bag
Gala Apples US #1
ਗਾਲਾ ਸੇਬ ਯੂ.ਐਸ. #1
$1.39 lb
Roasted Peanuts in Shell
ਭੁੱਜੀ ਮੂੰਗਫਲੀ
$1.88 lb
Walnuts in Shell
ਸਾਬਤ ਅਖਰੋਟ
$2.98 lb
Thur Mar 28, 2024 - Wed Apr 03, 2024
We reserve the right to limit the quantities while they last
Specials valid for Lower Mainland only
Product images may differ from the actual product.
23 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005
fruiticana SINCE 1994
BUSINESS HOURS 9 AM - 8 PM 7 DAYS A WEEK
Newton 13783 72nd Ave. Surrey 604-590-2080
Newton 13174 64th Ave. Surrey 604-598-9220
Scott Road 12047 80th Ave. Surrey 604-591-5032
Scott Road 104-7028 120th St. 604-590-8864
Cedar Hills 12867 96th Ave. Surrey 604-588-6620
Fleetwood 101-15933 Fraser Hwy 604-593-5163
Fleetwood 15230 84 Ave. 236-317-6272
Surrey 12990 72nd Ave. 604-503-5510
Surrey 12788 76A Ave. Surrey 604-597-1676
Surrey 16788 64 Ave. 604-372-2023
Surrey 101-7228 192St. 604-575-3750
New Westminster 101-331 6th St. 604-395-3595
Abbotsford 2785 Bourquin Crescent W. 604-744-0328
Abbotsford 31205 Maclure Rd. 604-504-5877
Port Coquitlam 2807 Shaughnessy St. 604-464-0822
Vancouver 6257 Fraser St. 604-321-9931
Richmond 4101 No.5 Rd. 604-244-9520